


www.PunjabiLibrary.com

# ਮੁੱਲ 12 ਹਜਾਰ

ਮੈਨੂੰ ਯਾਦ ਨਹੀਂ ਕਿ ਉਸ ਦਿਨ ਕੀ ਵਾਰ ਸੀ, ਨਾ ਹੀ ਤਾਰੀਖ ਯਾਦ ਏ। ਹਾਂ ਸਮਾਂ ਜਰੂਰ ਦੱਸ ਸਕਦਾ ਕਿ ਕਿੰਨਾ ਕੁ ਚਿਰ ਪਹਿਲਾਂ ਦੀ ਗੱਲ ਏ। ਗੱਲ ਅੱਜ ਤੋਂ ਕਰੀਬ-ਕਰੀਬ ਚਾਰ ਸਾਢੇ ਕੁ ਚਾਰ ਸਾਲ ਪਹਿਲਾਂ ਦੀ ਹੋਣੀ ਏ। ਬਸ ਅੰਦਾਜ਼ੇ ਵਜੋਂ ਆਖ ਸਕਦਾ। ਮੈਂ ਕਦੇ ਸੋਚਿਆ ਨਹੀਂ ਸੀ ਜਿਹੜੇ ਕੰਮ ਕਰਨ ਨੂੰ ਮੈਂ ਜੁਰਮ ਆਖਦਾ ਸੀ ਜਾਂ ਸਮਝਦਾ ਸੀ। ਉਹ ਅਣਜਾਣੇ ਵਿੱਚ, ਨਾ-ਸਮਝੀ ਵਿੱਚ, ਆਪਣੇ-ਆਪ, ਵਕਤ ਦੀ ਚੋਟ ਕਾਰਨ ਜਾਂ ਫਿਰ ਜਾਣ ਬੁੱਝ ਕੇ ਮੇਰੇ ਦੁਆਰਾ ਹੀ ਹੋ ਗਿਆ। ਮੈਂ ਆਪਣੇ ਬਾਰੇ ਵੇਰਵਾ ਦੇਣਾ ਜਾਂ ਫਿਰ ਆਪਣੀ ਜਾਣ ਪਹਿਚਾਣ ਕਰਵਾਉਣਾ  ਸਹੀ ਨਹੀਂ ਸਮਝਦਾ। ਕਿਉਂਕਿ ਹੋ ਸਕਦਾ ਇਸ ਕਾਰਨ ਗੁੱਝੇ ਹੋਏ ਭੇਦ ਖੁੱਲ ਜਾਣ ਜਾਂ ਫਿਰ ਮੇਰੀ ਅਣਗਹਿਲੀ ਕਾਰਨ ਕਿਸੇ ਦੀ ਜਿੰਦਗੀ ਦਾ ਭਰਵਾਂ ਨੁਕਸਾਨ ਹੋ ਜਾਵੇ। ਬਹੁਤਾ ਵਕਤ ਨਾ ਖਰਾਬ ਕਰਦੇ ਮੈਂ ਆਪਣੀ ਹੱਢ ਬੀਤੀ ਬਿਆਨ ਕਰਦਾ ਹਾਂ।

ਮੈਂ ਆਪਣੇ ਕੁਝ ਪੱਕੇ ਸਾਥੀਆਂ ਸਮੇਤ ਕੁਝ ਦਿਨਾਂ ਲਈ ਘੁੰਮਣ-ਫਿਰਨ ਲਈ ਗਿਆ ਸਾਂ। ਅਕਸਰ ਵਿਹਲੇ ਰਹਿਣ ਕਾਰਨ ਮੇਰੇ ਦਿਮਾਗ ਵਿੱਚ ਕਿਤੇ ਨਾ ਕਿਤੇ ਘੁੰਮਣ-ਫਿਰਨ ਦੀ ਤਾਂਘ ਉਭਰਦੀ ਰਹਿੰਦੀ ਏ। ਸੋ ਅਸੀਂ ਮਨੀਕਰਣ ਸਾਹਿਬ ਤੋਂ ਮਨਾਲੀ ਜਾ ਪਹੁੰਚੇ। ਸਭ ਘੁੰਮਣ ਉਪਰਾਂਤ ਘਰ ਪਰਤਣ ਬਜ਼ਾਰ ਤੋਂ ਖਰੀਦਦਾਰੀ ਕਰਨ ਵਿੱਚ ਰੁੱਝ ਗਏ। ਮੈਨੂੰ ਬਹੁਤੀ ਖਰੀਦਦਾਰੀ ਪਸੰਦ ਨਹੀਂ। ਜਿਸ ਕਾਰਨ ਮੈਂ ਇੱਕ ਹੋਟਲ ਵਿੱਚ ਬੈਠ ਕੌਫੀ ਪੀਣ ਲੱਗਾ। ਉਸ ਦੌਰਾਨ ਮੇਰੀ ਨਜ਼ਰ ਇੱਕ ਦੁਕਾਨ ਉੱਪਰ ਪਈ। ਜਿੱਥੇ ਇੱਕ ਜੋੜਾ ਕੁਝ ਖਰੀਦਦਾਰੀ ਕਰ ਰਿਹਾ ਸੀ। ਪਤੀ ਖਰੀਦਦਾਰੀ ਵਿੱਚ ਵਿਅਸਤ ਸੀ ਤੇ ਪਤਨੀ ਆਪਣੇ ਬੱਚੇ ਨੂੰ ਖਿਡਾਉਣ ਵਿੱਚ। ਬੱਚਾ ਲਗਭਗ ਡੇਢ-ਦੋ ਸਾਲ ਦਾ ਹੋਵੇਗਾ। ਦੂਰ ਹੋਣ ਕਾਰਨ ਉਹਨਾਂ ਦੇ ਚਿਹਰੇ ਸਾਫ਼ ਨਜ਼ਰ ਨਹੀਂ ਸਨ ਆ ਰਹੇ। ਕੁਝ ਚਿਰ ਬਾਅਦ ਪਤਨੀ ਨੇ ਸ਼ਾਇਦ ਕਿਸੇ ਚੀਜ਼ ਦੀ ਮੰਗ ਕੀਤੀ, ਜਿਸ ਕਾਰਨ ਉਸਦਾ ਪਤੀ ਉਸ ਨਾਲ ਖਿਝਿਆ। ਪਤਨੀ ਸ਼ਾਂਤ ਹੋ ਬੱਚੇ ਨੂੰ ਖਿਡਾਉਣ ਲੱਗੀ। ਫਿਰ ਪਤੀ ਦੁਕਾਨਦਾਰ ਨਾਲ ਗੱਲਬਾਤ ਕਰਨ ਲੱਗਾ ਤੇ ਕੁਝ ਚਿਰ ਪਿੱਛੋਂ ਪਤੀ-ਪਤਨੀ ਦੁਕਾਨਦਾਰ ਨਾਲ ਦੁਕਾਨ ਦੀ ਉੱਪਰਲੀ ਮੰਜ਼ਿਲ ਵੱਲ ਚਲੇ ਗਏ। ਉਨ੍ਹਾਂ ਦੇ ਉੱਪਰ ਜਾਂਦਿਆ ਸਾਰ ਮੈਂ ਆਪਣੀ ਜਗ੍ਹਾ ਤੋਂ ਉੱਠਿਆਂ ਤੇ ਦੁਕਾਨ ਤੇ ਜਾ ਪੁੱਜਾ। ਪਹੁੰਚਦਿਆਂ ਸਾਰ ਮੇਰੀ ਨਜ਼ਰ ਉਸ ਚੀਜ਼ ਤੇ ਪਈ ਸ਼ਾਇਦ ਜਿਸ ਦੀ ਮੰਗ ਔਰਤ ਆਪਣੇ ਪਤੀ ਤੋਂ ਕਰ ਰਹੀ ਸੀ। ਇਹ ਇੱਕ ਘੜੀ ਸੀ। ਮੈਂ ਉਸ ਨੂੰ ਚੁੱਕਿਆ, ਇਹ ਹੱਦ ਤੋਂ ਪਰੇ ਖੂਬਸੂਰਤ ਸੀ। ਘੁੰਮਾ ਕੇ ਦੇਖਿਆ ਤਾਂ ਪਿਛਲੇ ਪਾਸੇ ਮੁੱਲ 12000 ਲਿਖਿਆ ਹੋਇਆ ਪੜ ਮੇਰੇ ਹੋਸ਼ ਉੱਡ ਗਏ। ਸ਼ਾਇਦ ਏਨੀ ਮਹਿੰਗੀ ਹੋਣ ਕਾਰਨ ਹੀ ਉਹ ਆਦਮੀ ਆਪਣੀ ਪਤਨੀ ਤੇ ਚਿਲਾਇਆ ਹੋਵੇਗਾ। ਪਰ ਮੇਰੇ ਦਿਮਾਗ ਵਿੱਚ ਆਇਆ ਕਿ ਇਹ ਘੜੀ ਉਸ ਆਦਮੀ ਨੂੰ ਆਪਣੀ ਪਤਨੀ ਨੂੰ ਜਰੂਰ ਲੈ ਕੇ ਦੇਣੀ ਚਾਹੀਦੀ ਸੀ। ਪਰ ਮੇਰੀ ਸੋਚ ਨਾਲ ਕੀ ਹੋਣ ਲੱਗਾ ਸੀ। ਤੇ ਮੇਰੀ ਏਨੀ ਔਕਾਤ ਨਹੀਂ ਕਿ ਮੈਂ ਖੁੱਦ ਇਹ ਕਿਸੇ ਨੂੰ ਲੈ ਕੇ ਦੇ ਸਕਾ। ਮੈਂ ਘੜੀ ਨੂੰ ਉਥੇ ਰੱਖਿਆ ਤੇ ਦੁਕਾਨ ਤੋਂ ਬਾਹਰ ਆ ਗਿਆ। ਬਾਹਰ ਆਉਂਦੇ ਮੈਂ ਸੋਚਿਆ ਕਿ ਕਿਉਂ ਨਾ ਘਰ ਵਾਲੇ ਖਾਤੇ ਚੋਂ ਇਹ ਘੜੀ ਉਸ ਔਰਤ ਨੂੰ ਲੈ ਦਿਆਂ। ਪਰ ਘਰਦਿਆਂ ਤੋਂ ਝਿੜਕਾਂ ਦਾ ਵੀ ਡਰ ਸੀ। ਕਦੇ

ਨਾਂਹ ਕਦੇ ਹਾਂ, ਮੇਰੇ ਮਨ ਵਿੱਚ ਦੋ ਤਰ੍ਹਾਂ ਦੀਆਂ ਧਾਰਾਵਾਂ ਬਣ ਰਹੀਆਂ ਸਨ। ਅੰਤ ਮੈਂ ਮੁੜ ਦੁਕਾਨ ਤੇ ਗਿਆ ਤੇ ਉਸ ਘੜੀ ਦਾ ਮੁੱਲ ਦੇ ਉਸ ਨੂੰ ਤੋਹਫੇ ਵਜੋਂ ਉਸ ਔਰਤ ਨੂੰ ਦੇਣ ਲਈ ਕਿਹਾ। ਉਸ ਦੁਕਾਨਦਾਰ ਨੇ ਮੇਰੀ ਗੱਲ ਮੰਨ ਲਈ ਤੇ ਘੜੀ ਨੂੰ ਡੱਬੇ ਵਿੱਚ ਬੰਦ ਕਰ ਸਜਾਵਟ ਕਰਨ ਲੱਗਾ। ਫਿਰ ਮੈਂ ਉਸ ਨੂੰ ਰੋਕਿਆ ਤੇ ਆਪਣੀ ਜੇਬ ਵਿੱਚੋਂ ਡਾਇਰੀ ਕੱਢ ਲਿਖਣ ਲੱਗਾ।

**ਆਪ ਇੱਕ ਨਜ਼ਰਾਨਾ ਰੱਬ ਦਾ,**

**ਇੱਕ ਨਜ਼ਰਾਨਾ ਦਾਸ ਦੀ ਭੇਟ ਏ,**

**ਇਸ ਛੋਟੇ ਨਜ਼ਰਾਨੇ ਨੂੰ ਇੱਕ ਭੇਟ ਕਹਿ ਚਾਖ ਲਉ,**

**ਮੁੱਲ ਤਾਂ ਇਸਦਾ ਕੁਝ ਖਾਸ ਨੀ,**

**ਸ਼ਾਇਦ ਅਣਮੁੱਲਾ ਵੀ ਹੋ ਸਕਦਾ,**

**ਬਲਦੇ ਹੋਏ ਸ਼ਿਵਿਆਂ ਦੀ ਉਂਝ ਬੋਲ ਭਾਵੇ ਰਾਖ ਲਉ,**

**ਸੋਚ ਨਾ ਵਿਚਾਰ ਤੂੰ ਕੌਣ ਹਾਂ ਮੈਂ,**

**ਕਿਉਂ ਨਜ਼ਰਾਨਾ ਮੈਂ ਪੇਸ਼ ਕਰ ਤਾਂ,**

**ਖਿਮਾਂ ਜਾਚਕ, ਹਾਂ ਨਾ ਚੀਜ਼ ਮੈਨੂੰ ਬੇਇਮਾਨ ਆਖ ਲਉ।**

ਲਿਖਣ ਤੋਂ ਬਾਅਦ ਮੈਂ ਸੋਚਿਆ ਆਪਣਾ ਨਾਮ ਲਿੱਖ ਦੇਵਾ ਜਾਂ ਫੋਨ ਨੰਬਰ, ਪਰ ਫਿਰ ਨਾ ਲਿਖਿਆ। ਫਿਰ ਮੈਂ ਇਸ ਹੇਠਾਂ ਆਪਣੇ ਫੇਸਬੁੱਕ ਦਾ ਨਾਮ ਲਿੱਖ ਦਿੱਤਾ। ਕਿ ਸ਼ੁਕਰਿਆ ਕਰਨਾ ਹੋਵੂ ਤਾਂ ਕਰ ਦੇਵੂ। ਉਸ ਉਪਰਾਂਤ ਮੈਂ ਵਰਕਾ ਪਾੜ ਦੁਕਾਨਦਾਰ ਨੂੰ ਦਿੱਤਾ ਤੇ ਘੜੀ ਨਾਲ ਬੰਦ ਕਰਨ ਲਈ ਕਿਹਾ ਤੇ ਹਿਦਾਇਤ ਦਿੱਤੀ ਕਿ ਦੱਸਣਾ ਨਾ ਕਿ ਕਿਸ ਨੇ ਤੇ ਕੀ ਤੋਹਫਾ ਦਿੱਤਾ। ਆਖ ਦੇਣਾ ਕਿ ਦੁਕਾਨ ਵੱਲੋਂ ਤੋਹਫਾ ਏ। ਬਸ। ਇਹ ਆਖ ਮੈਂ ਦੁਕਾਨ ਤੋਂ ਬਾਹਰ ਹੋ ਗਿਆ ਤੇ ਉਸ ਔਰਤ ਨੂੰ ਤੋਹਫਾ ਲੈਂਦਾ ਦੇਖਣ ਲਈ ਇੰਤਜਾਰ ਕਰਨ ਲੱਗਾ। ਕੁਝ ਚਿਰ ਬਾਅਦ ਉਹ ਹੇਠਾਂ ਆਈ ਤੇ ਬਾਹਰ ਆਉਣ ਲੱਗੀ। ਤਾਂ ਦੁਕਾਨਦਾਰ ਨੇ ਪਿੱਛੋਂ ਆਵਾਜ਼ ਮਾਰੀ ਤੇ ਤੋਹਫਾ ਔਰਤ ਨੂੰ ਭੇਟ ਕੀਤਾ, ਉਸਨੇ ਪਹਿਲਾਂ ਮਨਾ ਕੀਤਾ ਪਰ ਦੁਕਾਨਦਾਰ ਦੇ ਇੱਕ-ਦੋ ਵਾਰ ਕਹਿਣ ਤੇ ਲੈ ਲਿਆ। ਮੈਂ ਕੁਝ ਦੂਰ ਖੜਾ ਸਭ ਨਜ਼ਾਰਾ ਦੇਖ ਰਿਹਾ ਸੀ। ਉਹ ਦੁਕਾਨ ਤੋਂ ਬਾਹਰ ਆਏ ਕੁਝ ਚਿਰ ਪਿੱਛੋਂ ਮੇਰੀਆਂ ਅੱਖੀਆਂ ਤੋਂ ਓਹਲੇ ਹੋ ਗਏ। ਐਨੇ ਨੂੰ ਮੇਰੇ ਯਾਰ ਦਾ ਫੋਨ ਆਇਆ ਤੇ ਮੈਂ ਉਨ੍ਹਾਂ ਕੋਲ ਚਲਾ ਗਿਆ। ਉਸ ਰਾਤ ਉੱਥੇ ਠਹਿਰਨ ਪਿੱਛੋਂ ਅਗਲੇ ਦਿਨ ਅਸੀਂ ਵਾਪਸ ਪਿੰਡ ਨੂੰ ਪਰਤ ਆਏ।

ਮੈਂ ਘਰ ਦੇ ਕੰਮਾਂ ਕਾਰਾਂ ਵਿੱਚ ਰੁੱਝ ਗਿਆ। ਘਰਦਿਆਂ ਨੂੰ ਪਤਾ ਲੱਗਣ ਤੋਂ ਪਹਿਲਾਂ ਹੀ ਮੈਂ ਪੈਸੇ ਦਾ ਇੰਤਜ਼ਾਮ ਕਰ ਖਾਤੇ ਵਿੱਚ ਜਮ੍ਹਾਂ ਕਰਾ ਦਿੱਤੇ। ਕਈ ਦਿਨ ਬੀਤ ਗਏ। ਮੈਂ ਸੋਚਦਾ ਰਹਿੰਦਾ ਕਿ ਮੈਂ ਸਹੀ ਕੀਤਾ ਜਾਂ ਫਿਰ ਗਲਤ। ਕਿਉਂ ਇੱਕ

ਅਣਜਾਣ ਔਰਤ ਲਈ ਮੈਂ ਇਹ ਲਾ-ਪਰਵਾਹੀ ਕੀਤੀ। ਖੈਰ ਜੋ ਹੋਣਾ ਸੀ ਉਹ ਤਾਂ ਹੋ ਗਿਆ ਤੇ ਧੰਨਵਾਦ ਦੀ ਤਾਂਘ ਰੱਖਣ ਲੱਗਾ ਪਰ ਉਸਦਾ ਕੋਈ ਧੰਨਵਾਦ ਨਾ ਆਇਆ। ਕਾਫੀ ਸਮਾਂ ਬੀਤ ਗਿਆ। ਮੈਂ ਤਕਰੀਬਨ-ਤਕਰੀਬਨ ਭੁੱਲ ਹੀ ਚੁੱਕਾ ਸੀ ਕਿ ਮੈਨੂੰ ਕਿਸੇ ਦੇ ਧੰਨਵਾਦ ਦੀ ਉਡੀਕ ਹੈ। ਫਿਰ ਲਗਭਗ ਸੱਤ-ਅੱਠ ਮਹੀਨੇ ਪਿੱਛੋਂ ਮੈਨੂੰ ਫੇਸਬੁੱਕ ਤੇ ਸੰਦੇਸ਼ ਆਇਆ। ਮੈਂ ਸੰਦੇਸ਼ ਨੂੰ ਪੜਣ ਲੱਗਾ.....

ਵਕਤ ਦੀਆਂ ਇਹ ਜੋ ਜ਼ੰਜੀਰਾਂ ਨੇ ਸੱਜਣਾ,

ਮੇਰੇ ਪਿੰਡੇ ਤੇ ਕੁਝ ਚੁਭਦੀਆਂ ਨੇ,

ਕੁਝ ਠੰਡੀਆ ਲੱਗਣ ਕੁਝ ਤੱਤੀਆ,

ਕੁਝ ਸੂਲਾਂ ਵਾਂਗਰ ਖੁੱਭਦੀਆਂ ਨੇ,

ਬੇਸ਼ੱਕ ਮੇਰੇ ਕੋਲ ਘੜੀ ਹੈ ਇਸਨੂੰ ਦੇਖਣ ਲਈ,

ਪਰ ਕਿਉਂ ਮੈਂ ਗੁਜਰਿਆ ਵਕਤ,

ਇਸ ਨਾਲ ਬਦਲ ਨਹੀਂ ਸਕਦੀ।

ਮੈਂ ਸੰਦੇਸ਼ ਪੜਿਆ ਤੇ ਖਾਮੋਸ਼ ਹੋ ਗਿਆ। ਫਿਰ ਤੋਂ ਦੋ ਵਾਰ ਪੜਿਆ, ਪੜਦਿਆਂ ਸਾਰ ਹੀ ਮੈਨੂੰ ਪਤਾ ਲੱਗ ਗਿਆ ਸੀ ਕਿ ਸੰਦੇਸ਼ ਕਿਸਦਾ ਹੈ। ਮੈਂ ਹੈਰਾਨ ਸੀ ਕਿ ਏਨੀ ਦੇਰ ਪਿੱਛੋਂ ਸੰਦੇਸ਼। ਤੇ ਸੰਦੇਸ਼ ਵਿੱਚ ਧੰਨਵਾਦ ਦੀ ਬਿਜ਼ਾਏ ਨਿਰਾਸ਼ਾ ਝਲਕ ਰਹੀ ਸੀ। ਮੈਨੂੰ ਕੁਝ ਸਮਝ ਨਾ ਲੱਗਾ। ਮੈਂ ਮੁੜ ਤੋਂ ਸੰਦੇਸ਼ ਨੂੰ ਪੜਿਆ। ਫਿਰ ਫੇਸਬੁੱਕ ਨੂੰ ਬੰਦ ਕੀਤਾ ਤੇ ਇਸ ਬਾਰੇ ਸੋਚਦਾ ਰਿਹਾ ਕਿ ਇਸਦਾ ਕੀ ਜੁਆਬ ਦੇਵਾਂ। ਕਰੀਬ ਦੋ ਦਿਨ ਬੀਤ ਗਏ। ਮੈਂ ਮੁੜ ਤੋਂ ਫੇਸਬੁੱਕ ਖੋਲ੍ਹੀ ਤੇ ਸੰਦੇਸ਼ ਨੂੰ ਪੜਨ ਲੱਗਾ। ਮੈਂ ਜੁਆਬ ਵਿੱਚ ਲਿਖਣਾ ਸ਼ੁਰੂ ਕੀਤਾ...

ਗੁਜਰ ਗਿਆ ਸੋ ਮੁੜ ਨਹੀਂ ਆਉਣਾ,

ਐਂਵੇ ਕਾਹਨੂੰ ਦੋਸ਼ ਦੇਣਾ ਘੜੀਆਂ ਨੂੰ,

ਚੰਗੀ ਮਾੜੀ ਸਭ ਲੰਘ ਜਾਣੀ ਏ,

ਜੀਅ ਲੈ ਹੁਣ ਦੀਆਂ ਖੜੀਆਂ ਨੂੰ,

ਰਾਤ ਪਿੱਛੋਂ ਹੈ ਦਿਨ ਚੜ ਜਾਂਦਾ,

ਬਸ ਰਾਹ ਨਾ ਛੱਡੀ ਉਡੀਕਾਂ ਦੀ,

ਮੈਨੂੰ ਹਮਦਰਦੀ ਜੇ ਆਖ ਦੇ ਸੱਜਣਾ,

ਰੋਸ ਮਿਟ ਜੂ ਲੰਘੀਆਂ ਤਰੀਕਾਂ ਦੀ।

ਲਿਖਦੇ ਹੀ ਸੰਦੇਸ਼ ਭੇਜ ਦਿੱਤਾ। ਤੇ ਉਡੀਕ ਕਰਨ ਲੱਗਾ। ਪਰ ਕੋਈ ਜੁਆਬ ਨਾ ਆਇਆ। ਫਿਰ ਰਾਤ ਸੋਣ ਵੇਲੇ ਕਰੀਬ ਦਸ ਵਜੇ ਫੋਨ ਕੰਬਿਆ। ਮੈਂ ਦੇਖਿਆ ਤਾਂ ਉਸਦਾ ਸੰਦੇਸ਼ ਸੀ। ਮੈਂ ਖੋਲ੍ਹਿਆ ਤੇ ਪੜਨ ਲੱਗਾ...

ਇੱਕ ਹਮਦਰਦੀ ਮੇਰੇ ਨਾਲ ਪਿਆ ਏ,

ਜੋ ਹਮ ਘੱਟ, ਵੱਧ ਦਰਦੀ ਆ,

ਤੂੰ ਕਿਹੋ ਜਿਹਾ ਹਮਦਰਦੀ ਬਣਨਾ,

ਰੂਹ ਦਾ ਜਾਂ ਜਿਸਮ ਦਾ ਗਰਦੀ ਆ,

ਵੇ ਸੱਜਣਾ ਮੇਰੇ ਪੱਲੇ ਕੁਝ ਨੀ,

ਨਿੱਤ ਤਿਲ-ਤਿਲ ਕਰਕੇ ਮਰਦੀ ਆ,

ਰੱਬ ਦੀ ਨਿਗ੍ਹਾ ਚ' ਕੋਈ ਵਜੂਦ ਨੀ ਮੇਰਾ,

ਬਸ ਹਿਜਰ ਦੀ ਅੱਗ ਵਿੱਚ ਸੜਦੀ ਆ,

ਮਾਂ ਤੇ ਪਤਨੀ ਇੱਕ ਅਕਸ਼ ਹੈ ਮੇਰਾ,

ਪਰ ਆਸਾਂ ਦੀ ਕਿਸ਼ਤੀ ਵਿੱਚ ਤਰਦੀ ਆ,

ਹਮਦਰਦੀ ਬਣ ਜੇ ਲੁੱਟ ਲਿਆ ਮੈਨੂੰ,

ਇਸ ਚੋਟ ਖਾਣ ਤੋਂ ਡਰਦੀ ਆ।

ਸੰਦੇਸ਼ ਪੜਦੇ ਮੈਂ ਲਿਖਣ ਲੱਗਾ..

ਖੁਦਾ ਹੁਣੇ ਹੀ ਮੈਨੂੰ ਸੰਦੇਸ਼ ਦਿੱਤਾ,

ਇੱਕ ਨਾਮਿੰਦਾ ਮੇਰਾ ਅੱਖੀਆ ਸਜਾਏ ਬੈਠਾ ਏ,

ਸ਼ਾਇਦ ਤੇਰੀ ਹੀ ਏ ਉਡੀਕ ਉਸਨੂੰ,

ਹਰ ਜਗ੍ਹਾ ਤੇ ਤੈਨੂੰ ਸਹਾਏ ਬੈਠਾ ਏ,

ਜਾ ਛੇਤੀ ਜਾ, ਕਿਤੇ ਡੋਲ ਨਾ ਜਾਵੇ,

ਰੂਹ ਤਨ ਨੂੰ ਇੱਕ ਥਾਂ ਅਕੜਾਏ ਬੈਠਾ ਏ,

ਮੈਂ ਹਾਜਰੀ ਭਰੀ ਤੇ ਹੁਕਮ ਹਜ਼ੂਰ ਆਖਿਆ,

ਇਹ ਤਾਂ ਮੇਰੇ ਤੇ ਨਿਗ੍ਹਾ ਟਿਕਾਏ ਬੈਠਾ ਏ।

ਸੰਦੇਸ ਭੇਜਦੇ ਹੀ ਉਸਦਾ ਜੁਆਬ ਆਇਆ....

ਹਾ ਹਾ ਹਾ ਹਾ ਹਾ ਹਾ.....

ਉਹ ਖੁਸ਼ ਹੋ ਗਈ। ਜੁਆਬ ਤੋਂ ਤਾਂ ਇਹੀ ਲੱਗਿਆ। ਮੈਂ ਸ਼ਾਂਤ ਰਿਹਾ, ਫਿਰ ਕੁਝ ਪਲ ਬਾਅਦ ਸੰਦੇਸ਼ ਆਇਆ...

ਪਿੱਛੋਂ ਦੋਸ਼ ਤਾਂ ਨਹੀਂ ਲਾਵੇਂਗਾ,

ਮੇਰੀ ਬੇ-ਲਿਹਾਜ਼ੀ ਤੇ,

ਦਰਦਾ ਦਾ ਹੜ ਆ ਜਾਊ,

ਮੇਰੀ ਆਗਾਜ਼ੀ ਤੇ।

ਮੈਂ ਜੁਆਬ ਦਿੱਤਾ....

ਗੁਰੂ ਸਾਹਿਬ ਦੀ ਬਾਣੀ ਆਖਦੀ ਹੈ..

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

ਜੁਆਬ ਆਇਆ..

ਮੈਨੂੰ ਬਾਣੀ ਬਾਰੇ ਬਹੁਤਾ ਗਿਆਨ ਨਹੀਂ। ਪੜਦੀ ਹਾਂ ਪਰ ਸਮਝਣਾ ਔਖਾ ਲੱਗਦਾ। ਸਮਝਾ ਦਿਉ ਤਾਂ ਬਹਿਤਰ ਹੋਵੇਗਾ।

ਮੈਂ ਜੁਆਬ ਦਿੱਤਾ...

ਗੁਰੂ ਸਾਹਿਬ ਆਖਦੇ ਨੇ ਕਿ.. ਕਿਸੇ ਹੋਰ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਦੋਸ਼ ਤਾਂ ਪਿਛਲੇ ਕੀਤੇ ਕਰਮਾ ਜਾਂ ਸੰਸਾਰਾਂ ਦਾ ਹੈ। ਜਿਹੋ ਜਿਹੇ ਕੰਮ ਮੈਂ ਕਰਦਾ ਹਾਂ, ਉਹੋ ਜਿਹਾ ਫਲ ਪਾ ਲੈਂਦਾ ਹਾਂ, ਦੂਜਿਆਂ ਨੂੰ ਦੋਸ਼ ਨਾ ਦੇਹ॥

ਜੁਆਬ ਆਇਆ..

ਕੀ ਮੇਰੇ ਲਈ ਆਪਦਾ ਜੁਆਬ ਵੀ ਇਹੀ ਹੈ?

ਮੈਂ ਜੁਆਬ ਦਿੱਤਾ..

ਮੈਂ ਗੁਰੂ ਤੋਂ ਬਾਹਰ ਕਿਵੇਂ ਹੋ ਸਕਦਾ। ਜੇ ਅੱਜ ਗੁਰੂ ਦੇ ਹੁਕਮ ਤੋਂ ਬਾਹਰ ਹੋਵਾਂਗਾ ਫਿਰ ਕੱਲ ਨੂੰ ਹੋਰ ਅਣਗਹਿਲੀਆਂ ਕਰਾਂਗਾ।

ਜੁਆਬ ਆਇਆ..

ਫਿਰ ਮੈਂ ਤਾਂ ਸੁਣਿਆ ਹੈ ਕਿ ਬਾਣੀ ਆਖਦੀ ਹੈ ਕਿ ਕਿਸੇ ਦੀ ਪਰਾਈ ਧੀ, ਭੈਣ, ਮਾਂ ਤੇ ਪਤਨੀ ਨੂੰ ਗਲਤ ਨਜ਼ਰ ਨਾਲ ਨਹੀਂ ਦੇਖਣਾ ਚਾਹੀਦਾ।

ਮੈਂ ਜੁਆਬ ਦਿੱਤਾ...

ਹਾਂਜੀ ਭਾਈ ਗੁਰਦਾਸ ਜੀ ਲਿਖਦੇ ਨੇ..

ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ॥

ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ॥

ਫਿਰ ਜੁਆਬ ਆਇਆ..

ਤੇ ਕੀ ਫਿਰ ਇਹ ਹੁਕਮ ਆਪ ਨਹੀਂ ਮੰਨਦੇ?

ਮੈਂ ਜੁਆਬ ਪੜ ਸ਼ਾਂਤ ਹੋ ਗਿਆ। ਕਿਉਂਕਿ ਮੇਰੇ ਕੋਲ ਉਸਦੇ ਸਵਾਲ ਦਾ ਕੋਈ ਢੁਕਵਾਂ ਜੁਆਬ ਨਹੀਂ ਸੀ। ਕਾਫੀ ਦੇਰ ਸੋਚਦਾ ਰਹਾ। ਉਸਦਾ ਵੀ ਕੋਈ ਜੁਆਬ ਨਾ ਆਇਆ। ਹਾਰ ਕੇ ਮੈਂ ਫੇਸਬੁੱਕ ਬੰਦ ਕਰ ਦਿੱਤੀ। ਸਮਾਂ ਕਰੀਬ ਸਵਾਂ ਬਾਰਾਂ ਦਾ ਹੋ ਚੱਲਿਆ ਸੀ। ਫੇਸਬੁੱਕ ਬੰਦ ਕਰਕੇ ਮੈਂ ਉਸਦੇ ਸਵਾਲ ਬਾਰੇ ਸੋਚਦਾ ਰਿਹਾ ਤੇ ਸੋਚਦੇ-ਸੋਚਦੇ ਨੀਂਦ ਆ ਗਈ। ਸਵੇਰੇ ਜਾਗ ਆਈ ਤਾਂ ਉਸਦਾ ਸੰਦੇਸ਼ ਸੀ..

ਮੁਆਫ਼ ਕਰਨਾ ਅਗਰ ਨਿਰਾਸ਼ ਕੀਤਾ ਹੋਵੇ।

ਕੁਝ ਚਿਰ ਸੋਚਣ ਪਿੱਛੋਂ ਮੈਂ ਜੁਆਬ ਦਿੱਤਾ..

ਹਾਲ ਲਈ ਮੈਂ ਆਪ ਨੂੰ ਰੱਬ ਆਖ ਲਵਾਂ ਤਾਂ ਕੋਈ ਹਰਜ ਤਾਂ ਨਹੀਂ। ਅਗਰ ਆਪ ਮੇਰਾ ਰੱਬ ਬਣੋ ਤਾਂ ਜੋ ਹੁਕਮ ਹੋਵੇਗਾ ਸਿਰ ਮੱਥੇ।

ਸੰਦੇਸ਼ ਭੇਜ ਕੇ ਮੈਂ ਕੰਮ ਕਾਮ ਵਿੱਚ ਰੁੱਝ ਗਿਆ। ਉਸ ਤੋਂ ਬਾਅਦ ਕੋਈ ਜੁਆਬ ਨਹੀਂ ਆਇਆ। ਮੈਂ ਕਾਫੀ ਚਿਰ ਉਡੀਕਦਾ ਰਿਹਾ। ਇਸੇ ਤਰਾਂ ਕਰੀਬ ਚਾਰ ਦਿਨ ਬੀਤ ਗਏ। ਮੈਂ ਸੋਚਿਆ ਕਿ ਕਿਤੇ ਗਲਤ ਜੁਆਬ ਤਾਂ ਨਹੀਂ ਦੇ ਦਿੱਤਾ। ਅਖੀਰ ਚਾਰ ਦਿਨ ਬਾਅਦ ਰਾਤ ਨੂੰ ਸੰਦੇਸ਼ ਆਇਆ..

ਮੈਨੂੰ ਨਹੀਂ ਲੱਗਦਾ ਕਿ ਮੇਰੀ ਏਨੀ ਔਕਾਤ ਹੈ ਕਿ ਕਿਸੇ ਦਾ ਰੱਬ ਬਣ ਸਕਾ।

ਮੈਂ ਜੁਆਬ ਦਿੱਤਾ..

ਰੱਬ ਕੀ ਹੈ?

ਜੁਆਬ ਆਇਆ..

ਮੈਂ ਨਹੀਂ ਜਾਣਦੀ, ਆਪ ਦੱਸੋ।

ਮੈ ਜੁਆਬ ਦਿੱਤਾ..

ਆਪ ਮੇਰੇ ਲਈ ਰੱਬ ਹੋ, ਜੋ ਮੰਨ ਲਉ ਓਹੀ ਰੱਬ ਹੈ।

ਜੁਆਬ ਆਇਆ..

ਕੀ ਰੱਬ ਬਣਨਾ ਜਾਂ ਬਣਾਉਣਾ ਏਨਾ ਅਸਾਨ ਹੈ?

ਮੈਂ ਜੁਆਬ ਦਿੱਤਾ..

ਵਿਸ਼ਵਾਸ ਦੀ ਗੱਲ ਹੈ। ਬਣਾਈ ਰੱਖੋਗੇ ਤਾਂ ਅਸਾਨ ਨਹੀਂ ਤਾਂ ਗੁੰਝਲਦਾਰ।

ਜੁਆਬ ਆਇਆ..

ਆਪ ਕੋਣ ਹੋ?

ਮੈਂ ਮੁਸਕਰਾਇਆ ਤੇ ਜੁਆਬ ਦਿੱਤਾ..

ਦੱਸਣ ਦੀ ਲੋੜ ਹੈ?

ਜੁਆਬ ਆਇਆ..

ਹਾਂ ਵੀ ਤੇ ਨਹੀਂ ਵੀ। ਬਹਿਤਰ ਹੈ ਦੱਸਿਆ ਜਾਵੇ।

ਮੈਂ ਜੁਆਬ ਦਿੱਤਾ..

ਸੂਰਜ, ਚੰਨ ਤੇ ਤਾਰੇ ਗਿਣ ਲੈ,

ਤਿਨ ਤਿਨ ਕਰਕੇ ਸਾਰੇ ਗਿਣ ਲੈ,

ਪਿਆਰ ਹੀ ਸਭ ਨੂੰ ਜੋੜੇ ਬੈਠਾ,

ਬਿਨ ਇਸਦੇ ਤੂੰ ਖਿਲਾਰੇ ਗਿਣ ਲੈ।

ਬੁੱਝ ਲਵੋ ਇਸ ਚੋ' ਨਾਮ.....

ਜੁਆਬ ਆਇਆ..

ਲਵ ਜਾਂ ਪਿਆਰ?

ਮੈਂ ਜੁਆਬ ਦਿੱਤਾ..

ਇੱਕ ਹੀ ਹਾਂ, ਬਸ ਭਾਸ਼ਾ ਚ' ਵਿਖਰੇਵਾ ਦਿੱਸਦਾ। ਉਂਝ ਪ੍ਰੀਤ ਆਖ ਲੋ ਤਾਂ ਆਸਾਨ ਵੀ ਰਹੂ। ਵੈਸੇ ਨਾਮ ਫੇਸਬੁੱਕ ਵਿੱਚ ਲਿਖਿਆ ਤਾਂ ਹੈ।

ਜੁਆਬ ਆਇਆ..

ਅਕਸਰ ਲੋਕ ਨਾਮ ਬਦਲ ਲੈਂਦੇ ਨੇ, ਆਪਣੀ ਅਸਲ ਪਹਿਚਾਣ ਲੁਕਾਉਣ ਖਾਤਿਰ। ਜਿਵੇਂ ਮੈਂ ਕੀਤਾ। ਤਾਹੀ ਪੁੱਛਿਆ।

ਮੈਂ ਸਵਾਲ ਪੁੱਛਿਆ..

ਤੇ ਆਪ?

ਜੁਆਬ ਆਇਆ..

ਸਾਵਣ।

ਮੈਂ ਜੁਆਬ ਦਿੱਤਾ..

ਨਾਮ ਵਿੱਚ ਤਾਂ ਰੌਣਕ ਹੈ।

ਜੁਆਬ ਆਇਆ..

ਪਰ ਜਿੰਦਗੀ ਵਿਰਾਨ ਹੈ।

ਮੈਂ ਚੁੱਪ ਹੋ ਗਿਆ, ਤੇ ਕੁਝ ਦੇਰ ਬਾਅਦ ਸੁਆਲ ਪੁੱਛਿਆ..

ਐਨੇ ਚਿਰ ਪਿੱਛੋਂ ਕਿਵੇਂ ਯਾਦ ਕੀਤਾ? ਮੁਆਫ਼ ਕਰਨਾ ਮੈਂ ਸਮਝਦਾ ਹਾਂ ਤੇ ਸਭ ਸਾਫ਼ ਵੀ ਹੈ ਪਰ ਫਿਰ ਵੀ ਪੁੱਛਣ ਲਈ ਮਜਬੂਰ ਹਾਂ।

ਜੁਆਬ ਆਇਆ..

ਰੂਹ ਦੀ ਭੁੱਖ ਸੀ ਜਾਂ ਫਿਰ ਸ਼ਾਇਦ ਪਿਆਰ ਦੀ ਤੇ ਕਿਸੇ ਹੱਦ ਤੱਕ ਜਿਸਮ ਦੀ ਵੀ।

ਮੈਂ ਸ਼ਾਂਤ ਹੋ ਗਿਆ ਤੇ ਫਿਰ ਜੁਆਬ ਦਿੱਤਾ..

ਕਿੱਥੇ ਤੇ ਕਦ ਮਿਲੋਗੇ?

ਓਸੇ ਵਕਤ ਹੀ ਉਸਦਾ ਜੁਆਬ ਆਇਆ। ਜਿਸ ਵਿੱਚ ਉਸਨੇ ਆਪਣੇ ਸ਼ਹਿਰ ਵਿੱਚ ਇੱਕ ਜਗ੍ਹਾ ਦਾ ਪਤਾ ਤੇ ਫੋਨ ਨੰਬਰ ਭੇਜ ਦਿੱਤਾ। ਮੈਂ ਜੁਆਬ ਪੜ੍ਹਿਆ ਤੇ ਠੀਕ ਹੈ ਦਾ ਜੁਆਬ ਭੇਜ ਫੇਸਬੁੱਕ ਬੰਦ ਕਰ ਦਿੱਤੀ। ਮਿਲਣ ਦਾ ਸਮਾਂ ਨਿਸਚਿਤ ਹੋ ਗਿਆ। ਮੈਨੂੰ ਅੱਜ ਵੀ ਤਾਰੀਖ਼ ਯਾਦ ਹੈ। 6 ਅਕਤੂਬਰ। ਮੈਂ ਤਿਆਰੀ ਕੀਤੀ, ਕੁਝ ਪੈਸੇ ਆਪਣੇ ਦੋਸਤ ਕੋਲੋ ਉਧਾਰ ਫੜ ਘਰ ਬਹਾਨਾ ਲਾ ਘਰੋਂ ਚੱਲ ਪਿਆ। ਕਰੀਬ ਦੋ ਢਾਈ ਘੰਟੇ ਬਾਆਦ ਮੈਂ ਮਿੱਥੇ ਸਮੇਂ ਤੋਂ ਇੱਕ ਘੰਟਾ ਪਹਿਲਾਂ ਹੀ ਪੁੱਜ ਗਿਆ। ਜਿਸ ਦੇ ਆਸ ਪਾਸ ਕਾਫੀ ਸਾਂਤ ਮਾਹੌਲ ਸੀ। ਖੂਬਸੂਰਤ ਵਾਤਾਵਰਣ, ਪੰਛੀਆਂ ਦੇ ਚਹਿਕਣ ਦੀ ਅਵਾਜ਼, ਵੰਨ-ਸੁਵੰਨੇ ਫੁੱਲ ਬੂਟਿਆਂ ਨਾਲ ਰੰਗਤ ਬੱਝੀ ਹੋਈ ਸੀ।

ਇਸ ਖੂਬਸੂਰਤ ਮਾਹੌਲ ਕਾਰਨ ਦਿਲ ਦੀਆਂ ਭਾਵਨਾਵਾਂ ਹੋਰ ਮਹਿਕ ਰਹੀਆਂ ਸਨ। ਪਾਰਕ ਵਿੱਚ ਹੋਰ ਵੀ ਲੋਕ ਸਨ ਤੇ ਮੈਂ ਇੰਤਜ਼ਾਰ ਕਰਦਾ ਰਿਹਾ। ਮਿੱਥਿਆ ਸਮਾਂ ਆ ਗਿਆ। ਪਰ ਉਡੀਕ ਖ਼ਤਮ ਨਾ ਹੋਈ। ਤਾਂਘ ਹੋਰ ਵੱਧਦੀ ਗਈ। ਮਿੱਥੇ ਸਮੇਂ ਤੋਂ 20-25  ਮਿੰਟ ਉੱਪਰ ਹੋ ਗਏ। ਮੈਂ ਬਾਰ-ਬਾਰ ਘੜੀ ਵੱਲ ਦੇਖਦਾ ਤੇ ਬੈਠਿਆਂ ਜੋੜਿਆਂ ਤੇ ਔਰਤਾਂ ਵੱਲ ਵੀ ਕਿ

ਸ਼ਾਇਦ ਇਨ੍ਹਾਂ ਵਿੱਚੋਂ ਤਾਂ ਕੋਈ ਨੀ। ਕਿਉਂਕਿ ਮੈਂ ਉਸ ਨੂੰ ਸਾਫ਼ ਨਜ਼ਰ ਨਾਲ ਨਹੀਂ ਸੀ ਦੇਖਿਆ ਤੇ ਹੁਣ ਸਮਾਂ ਵੀ ਕਾਫੀ ਗੁਜਰ ਚੁਕਾ ਸੀ। ਤੇ ਨਾ ਹੀ ਮੈਂ ਉਸ ਤੋਂ ਕਿਸੇ ਤਸਵੀਰ ਦੀ ਮੰਗ ਕੀਤੀ ਸੀ। ਜਿਸ ਕਾਰਨ ਮੇਰੇ ਲਈ ਉਸ ਨੂੰ ਪਹਿਚਾਨਣਾ ਔਖਾ ਹੋ ਗਿਆ। ਫਿਰ ਅਚਾਨਕ ਇੱਕ ਔਰਤ ਉੱਠ ਕੇ ਮੇਰੇ ਵੱਲ ਆਈ। ਤੇ ਇੱਕ ਦਮ ਮੇਰੇ ਸਾਹਮਣੇ ਆ ਖਲ੍ਹੋ ਗਈ।

ਮੈਂ ਉਸਦੀ ਖ਼ੂਬਸੂਰਤੀ ਦੇਖ ਕੇ ਦੰਗ ਰਹਿ ਗਿਆ। ਉਸਨੇ ਚੂੜੀਦਾਰ ਅਨਾਰ ਕਲੀ ਸੂਟ ਪਾਇਆ ਹੋਇਆ ਸੀ। ਇਹ ਇੱਕ ਅਪਸਰਾ ਜਾਪਦੀ ਸੀ। ਜਿਸਦੀ ਤਾਰੀਫ਼ ਕਰਨਾ ਮੇਰੇ ਵੱਸ ਤੋਂ ਬਾਹਰ ਸੀ। ਹਵਾ ਚੱਲਣ ਕਾਰਨ ਉਸਦੇ ਵਾਲ ਬਾਰ-ਬਾਰ ਉੱਡ ਉਸਦੇ ਚਿਹਰੇ ਤੇ ਆ ਰਹੇ ਸਨ ਤੇ ਉਹ ਬਾਰ-ਬਾਰ ਆਪਣੇ ਹੱਥਾਂ ਦੀਆਂ ਉਂਗਲਾਂ ਨਾਲ ਵਾਲਾਂ ਨੂੰ ਕੰਨਾਂ ਦੇ ਪਿੱਛੇ ਕਰਦੀ। ਮੈਨੂੰ ਇਸ ਤਰ੍ਹਾਂ ਤੱਕਦਾ ਦੇਖ ਉਹ ਮੁਸਕਰਾਈ। ਮੈਂ ਉਸਦੀ ਮੁਸਕਰਾਹਟ ਕਾਰਨ ਮੰਤ੍ਰ ਮੁਕਤ ਹੋ ਗਿਆ। ਉਹ ਬੋਲੀ...

ਸਾਵਣ - ਲੱਗਦਾ ਘਰ ਜਾਣ ਦਾ ਵਕਤ ਹੋ ਗਿਆ।

ਮੈਂ - ਮੁਆਫ਼ ਕਰਨਾ। ਆਪ ਇਕੱਲੇ ਆਏ ਹੋ?

ਸਾਵਣ - ਕਿਉਂ ਕਿਸੇ ਨੂੰ ਨਾਲ ਲਿਆਉਣਾ ਚਾਹੀਦਾ ਸੀ?

ਮੈਂ - ਨਹੀਂ ਵੈਸੈ ਪੁੱਛ ਰਹਾਂ ਹਾਂ।

ਉਸਦੇ ਚਿਹਰੇ ਤੋਂ ਸਾਫ਼ ਝਲਕਦਾ ਸੀ ਕਿ ਉਹ ਅਜੇ ਵੀ ਮੁਸਕਰਾ ਰਹੀ ਸੀ। ਕੋਲ ਹੀ ਪਏ ਬੈਂਚ ਉੱਪਰ ਉਸਨੇ ਬੈਠਣ ਲਈ ਕਿਹਾ। ਅਸੀਂ ਦੋਨੋਂ ਬੈਠ ਗਏ। ਕਾਫੀ ਚਿਰ ਸ਼ਾਂਤ ਬੈਠੇ ਰਹੇ। ਮੈਂ ਪੁੱਛਿਆ..

ਮੈਂ - ਆਪ ਦਾ ਬੱਚਾ?

ਸਾਵਣ - ਆਪਣੀ ਦਾਦੀ ਕੋਲ ਹੈ, ਮਹਿਕ ਨਾਮ ਹੈ ਉਸਦਾ। ਬੇਟੀ ਹੈ।

ਮੈਂ - ਤੁਸੀਂ ਮੈਨੂੰ ਪਹਿਚਾਇਆ ਕਿਵੇਂ?

ਸਾਵਣ - ਮੈਂ ਕਾਫੀ ਦੇਰ ਦੀ ਬੈਠੀ ਹੋਈ ਹਾਂ। ਆਪ ਦੇ ਆਉਣ ਤੋਂ ਵੀ ਪਹਿਲਾਂ। ਜਦੋਂ ਆਪ ਆਏ ਤਾਂ ਲੱਗਾ ਕਿ ਆਪ ਹੀ ਹੋ। ਆਪਦੀ ਸਾਦਗੀ ਤੋਂ ਪਤਾ ਲੱਗਦਾ। ਫਿਰ ਬਸ ਦੂਰ ਤੋਂ ਹੀ ਆਪ ਨੂੰ ਇੰਤਜ਼ਾਰ ਕਰਦੇ ਦੇਖ ਰਹੀ ਸੀ। ਤੇ ਸਹੀ ਸਮੇਂ ਦਾ ਇੰਤਜ਼ਾਰ ਕਰਨ ਲੱਗੀ। ਪਰ ਜਦੋਂ ਸਮਾਂ ਹੋਇਆ ਤਾਂ ਹੌਸਲਾ ਨਾ ਪਿਆ। ਕਾਫੀ ਸਮਾਂ ਅਜ਼ਾਈ ਲੰਘਾ ਲਿਆ।

ਮੈਂ ਹੈਰਾਨ ਸੀ ਕਿ ਉਹ ਮੇਰੇ ਤੋਂ ਵੀ ਪਹਿਲਾਂ ਆ ਕੇ ਮੇਰੀ ਉਡੀਕ ਕਰ ਰਹੀ ਸੀ ਤੇ ਮੈਂ ਆਪਣੇ ਲਈ ਖੁਸ਼ ਵੀ ਸੀ। ਪਰ ਮੇਰੇ ਦਿਲ ਵਿੱਚ ਇਹ ਵੀ ਜਰੂਰ ਸੀ ਕਿ ਇਹ ਵਿਆਹੀ ਹੋਈ ਹੈ ਤੇ ਇੱਕ ਬੱਚੇ ਦੀ ਮਾਂ ਵੀ ਹੈ। ਪਰ ਫਿਰ ਵੀ ਮੈਨੂੰ ਪਤਾ ਨਹੀਂ ਇਸ ਤਰਫ਼ ਕਿਹੜੀ ਚੀਜ਼ ਖਿੱਚ ਲੈ ਆਈ। ਜੋ ਮੈਂ ਆਪਣੇ ਹੋਸ਼ ਖੋ ਬੈਠਾ ਸਾਂ। ਉਸਨੇ ਪੁੱਛਿਆ..

ਸਾਵਣ - ਕੋਈ ਪ੍ਰੇਮਿਕਾ ਹੈ ਆਪਦੀ?

ਮੈਂ - ਸੀ ਪਰ ਹੁਣ ਨਹੀਂ। ਅਗਰ ਹੁੰਦੀ ਵੀ ਤਾਂ ਛੱਡ ਦੇਣੀ ਸੀ।

ਉਹ ਮੁਸਕਰਾਉਣ ਲੱਗੀ ਤੇ ਮੈਂ ਵੀ। ਫਿਰ ਬੋਲੀ...

ਸਾਵਣ - ਪ੍ਰੇਮਿਕਾ ਨੂੰ ਹੁਣ ਕੀ ਹੋਇਆ?

ਮੈਂ - ਵਿਆਹ ਹੋ ਗਿਆ, ਹੋਰ ਕੀ ਹੋਣਾ ਸੀ।

ਅਸੀਂ ਮੁੜ ਤੋਂ ਹੱਸ ਪਏ।

ਮੈਂ ਉਸਨੂੰ ਹੱਸਦੇ ਦੇਖ ਖ਼ੁੱਦ ਨੂੰ ਕੋਸ ਰਿਹਾ ਸੀ ਕਿ ਇਹ ਮੇਰੀ ਜੀਵਨ ਸਾਥੀ ਕਿਉਂ ਨਹੀਂ ਬਣੀ। ਉਸਦੀ ਮੁਸਕਾਨ ਮੈਨੂੰ ਉਸ ਤਰਫ਼ ਖਿੱਚਦੀ ਜਾ ਰਹੀ ਸੀ। ਮੈਂ ਮਦਹੋਸ਼ ਹੋਇਆ ਉਸਦਾ ਹੱਥ ਆਪਣੇ ਹੱਥਾਂ ਵਿੱਚ ਸਮੇਟ ਲਿਆ। ਉਹ ਹੱਸਦੀ ਇੱਕ ਦਮ ਚੁੱਪ ਹੋ ਗਈ ਤੇ ਹੈਰਾਨੀ ਭਰੀ ਨਜ਼ਰ ਨਾਲ ਮੇਰੇ ਵੱਲ ਦੇਖਿਆ ਪਰ ਕੁਝ ਵੀ ਨਾ ਬੋਲੀ। ਫਿਰ ਆਪਣਾ ਚਿਹਰਾ ਘੁੰਮਾਇਆ ਤੇ ਸਾਹਮਣੇ ਦੇਖਣ ਲੱਗੀ। ਮੈਂ ਅਜੇ ਵੀ ਉਸ ਵੱਲ ਦੇਖ ਰਹਾਂ ਸੀ। ਉਸਨੇ ਫਿਰ ਚਿਹਰੇ ਤੇ ਮੁਸਕਾਨ ਭਰੀ ਤੇ ਬੋਲੀ..

ਸਾਵਣ - ਮੈਂ ਕਦੇ-ਕਦੇ ਆਪਣੀ ਜਿੰਦਗੀ ਤੋਂ ਹੈਰਾਨ ਹੁੰਦੀ ਹਾਂ ਕਿ ਪਤਾ ਨਹੀਂ ਚੱਲਦਾ ਇਹ ਕਿਧਰ ਨੂੰ ਮੁੜ ਜਾਂਦੀ ਏ। ਸੁੱਖ ਦਾ ਪਤਾ ਨਹੀਂ ਚੱਲਦਾ ਤੇ ਨਾ ਹੀ ਦੁੱਖ ਦਾ।

ਮੈਂ - ਜੀਵਨ ਦਾ ਅਰਥ ਹੀ ਇਹੀ ਹੈ, ਸੁੱਖ ਅਤੇ ਦੁੱਖ।

ਉਸਨੇ ਮੁੜ ਨਜ਼ਰ ਭਰ ਮੇਰੇ ਵੱਲ ਤੱਕਿਆ। ਫਿਰ ਬੋਲੀ....

ਸਾਵਣ - ਮੈਂ ਆਪ ਲਈ ਵੀ ਹੈਰਾਨ ਹਾਂ ਕਿ ਆਪ ਲਈ ਕੀ ਖੁਆਇਸ਼ ਰੱਖਾਂ, ਦੁੱਖ ਦੀ ਜਾਂ ਫਿਰ ਸੁੱਖ ਦੀ?

ਮੈਂ - ਨਿਰਭਰ ਕਰਦਾ।

ਸਾਵਣ - ਕਿਸ ਚੀਜ਼ ਤੇ?

ਮੈਂ - ਹਾਲਾਤ ਤੇ ਜਾਂ ਫਿਰ ਸਮੇਂ ਤੇ।

ਮੈਂ ਉਸਦੇ ਹੱਥ ਨੂੰ ਸਹਿਲਾਉਂਦੇ ਹੋਏ ਆਖਿਆ।

ਮੈਂ - ਕੋਸਦਾ ਹਾਂ ਖ਼ੁੱਦ ਨੂੰ।

ਸਾਵਣ - ਕਿਉਂ?

ਮੈਂ - ਆਪ ਨੂੰ ਆਪਣਾ ਕਹਿਣ ਨੂੰ ਵੀ ਦਿੱਲ ਕਰਦਾ ਤੇ ਬੇਗਾਨਾ ਵੀ।

ਸਾਵਣ - ਮੇਰੇ ਕੋਲ ਇਸਦਾ ਜੁਆਬ ਨਹੀਂ ਹੈ।

ਮੈਂ - ਕਿਉਂ?

ਸਾਵਣ - ਅਕਸਰ ਮੇਰੇ ਕੋਲ ਬਹੁਤਿਆਂ ਸਵਾਲਾਂ ਦੇ ਜੁਆਬ ਨਹੀਂ ਹੁੰਦੇ। ਜਾਂ ਫਿਰ ਮੈਂ ਦੇਣਾ ਨਹੀਂ ਚਾਹੁੰਦੀ।

ਫਿਰ ਮੈਂ ਖਾਮੋਸ਼ ਹੋ ਗਿਆ। ਉਸਦਾ ਹੱਥ ਆਪਣੇ ਹੱਥਾਂ ਵਿੱਚ ਲਈ ਕਾਫੀ ਦੇਰ ਤੱਕ ਸ਼ਾਂਤ ਬੈਠਾ ਰਿਹਾਂ। ਨਾ ਉਹ ਕੁਝ ਬੋਲੀ ਤੇ ਨਾ ਹੀ ਮੈਂ। ਹੌਲੀ-ਹੌਲੀ ਚੱਲਦੀ ਹਵਾ ਉਸਦੇ ਵਾਲਾਂ ਨੂੰ ਬਾਰ-ਬਾਰ ਉਡਾ ਰਹੀ ਸੀ ਤੇ ਉਸਨੇ ਵਾਲਾਂ ਨੂੰ ਸਵਾਰਣਾ ਕਾਫੀ ਘੱਟ ਕਰ ਦਿੱਤਾ। ਤੇ ਸ਼ਾਂਤ ਬੈਠੀ ਰਹੀ। ਫਿਰ ਮੈਂ ਬੋਲਿਆਂ..

ਮੈਂ - ਸਵੇਰ ਦਾ ਘਰੋਂ ਨਿਕਲਿਆਂ ਹਾਂ, ਭੁੱਖ ਬਹੁਤ ਲੱਗੀ ਏ।

ਸਾਵਣ - ਮੁਆਫ਼ ਕਰਨਾ, ਮੈਨੂੰ ਭੁੱਲ ਗਿਆ। ਚਲੋ ਕੁਝ ਖਾਣ ਚੱਲਦੇ ਹਾਂ। ਕੋਲ ਹੀ ਵਧੀਆ ਹੋਟਲ ਹੈ।

ਉਸਨੇ ਆਪਣਾ ਹੱਥ ਮੇਰੇ ਹੱਥਾਂ ਚੋ' ਛੁਡਾ ਲਿਆ ਤੇ ਉੱਠ ਖੜੀ ਹੋਈ। ਮੈਂ ਵੀ ਉੱਠਿਆਂ ਤੇ ਕਿਹਾ..

ਮੈਂ - ਕੋਈ ਗੱਲ ਨੀ, ਵੈਸੇ ਮੈਂ ਘਰੋਂ ਦੋ-ਤਿੰਨ ਪਰੌਂਠੇ ਖਾ ਕੇ ਤੁਰਿਆ ਸਾਂ।

ਇਹ ਆਖ ਮੈਂ ਮੁਸਕਰਾਇਆਂ ਤੇ ਉਹ ਵੀ ਮੁਸਕਰਾਈ। ਫਿਰ ਬੋਲੀ..

ਸਾਵਣ - ਕੋਈ ਨਾ, ਮੈਨੂੰ ਵੀ ਭੁੱਖ ਲੱਗੀ ਏ, ਚਲੋ ਕੋਲ ਹੀ ਏ ਹੋਟਲ।

ਮੈਂ - ਚਲੋ।

ਅਸੀਂ ਦੋਵੇਂ ਨਾਲ-ਨਾਲ ਚੱਲਣ ਲੱਗ ਪਏ। ਉਸਦੀ ਖੂਬਸੂਰਤੀ ਅਜੇ ਵੀ ਮੇਰੇ ਤੇ ਕਹਿਰ ਢਾ ਰਹੀ ਸੀ। ਮੈ ਬਾਰ-ਬਾਰ ਉਸਦੇ ਚਿਹਰੇ ਵੱਲ ਤੱਕਦਾ। ਚੱਲਦੇ-ਚੱਲਦੇ ਮੇਰੇ ਮਨ ਵਿੱਚ ਵਿਚਾਰ ਆਇਆ ਤੇ ਉਸਨੇ ਕਿਹਾ..

ਸਾਵਣ - ਕੁਝ ਕਿਹਾ ਤੁਸੀਂ?

ਮੈਂ - ਤੁਹਾਨੂੰ ਕਿਵੇਂ ਪਤਾ?

ਸਾਵਣ - ਮੈਨੂੰ ਲੱਗਾ ਜਿਵੇਂ ਆਪ ਨੇ ਮੇਰੇ ਬਾਰੇ ਕੁਝ ਕਿਹਾ ਹੋਵੇ।

ਮੈਂ - ਹਾਂ ਸ਼ਾਇਦ।

ਸਾਵਣ - ਕੀ?

ਮੈਂ - ਕੁਝ ਖਾਸ ਨਹੀਂ, ਸ਼ਾਇਦ ਆਪ ਦੀ ਖੂਬਸੂਰਤੀ ਬਾਰੇ ਸੀ।

ਸਾਵਣ - ਦੱਸੋ ਫਿਰ।

ਮੈਂ - ਤੌਹੀਨ ਹੈ ਤੇਰੀ,

ਅਗਰ ਤੈਨੂੰ ਸ਼ਬਦਾਂ ਵਿੱਚ ਬਿਆਨ ਕਰਾਂ,

ਮੈਂ ਅਜੇ ਇਸ ਕਾਬਿਲ ਨਹੀਂ ਹੋਇਆ।

ਉਸਨੇ ਮੇਰੇ ਵੱਲ ਫਿਰ ਨਜ਼ਰ ਭਰ ਦੇਖਿਆ ਤੇ ਚੁੱਪ- ਚਾਪ ਚੱਲਦੀ ਰਹੀ। ਫਿਰ ਬੋਲੀ..

ਸਾਵਣ - ਸ਼ਾਇਰੀ ਆਪ ਦਾ ਸ਼ੌਂਕ ਹੈ ਜਾਂ ਫਿਰ ਪੇਸ਼ਾ?

ਮੈਂ - ਸ਼ੌਂਕ ਹੈ ਤੇ ਸ਼ਾਇਦ ਪੇਸ਼ਾ ਹੋ ਸਕਦਾ। ਉਂਝ ਮੈਂ ਕਵਿਤਾਵਾਂ ਲਿੱਖ ਲੈਂਦਾ ਹਾਂ।

ਸਾਵਣ - ਸੁਣਾਓ ਫਿਰ।

ਮੈਂ ਕੁਝ ਚਿਰ ਸੋਚਣ ਪਿੱਛੋਂ ਬੋਲਿਆਂ..

**ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,**

**ਉਹ ਖੁਆਬ ਜਿਹੀ ਲੱਗਦੀ।**

**ਕਦੇ ਸਾਵਣ ਵਾਗੂੰ ਆ ਜਾਵੇ,**

**ਕਦੇ ਪੱਤਝੜ ਵਾਗੂੰ ਛਾ ਜਾਵੇ,**

**ਕਦੇ ਪੋਹ ਦੀ ਠੰਡੀ ਰਾਤ ਜਿਹੀ,**

**ਕਦੇ ਆਉਂਦੀ ਜਾਂਦੀ ਬਾਤ ਜਿਹੀ,**

**ਬਸ ਉਹ ਚਿਰਾਗ਼ ਜਿਹੀ ਲੱਗਦੀ,**

**ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,**

**ਉਹ ਖ੍ਹਾਬ ਜਿਹੀ ਲੱਗਦੀ।**

**ਮੈਂ ਚੁੱਪ ਹੋ ਗਿਆ..**

ਸਾਵਣ - ਬਸ, ਐਨੀ ਹੀ?

ਮੈਂ - ਨਹੀਂ ਹੋਰ ਵੀ ਹੈ।

ਸਾਵਣ - ਸੁਣਾਓ ਫਿਰ।

ਮੈਂ ਉਸਦਾ ਹੱਥ ਫੜਿਆ ਤੇ ਬੋਲਿਆਂ, ਗਾ ਕੇ ਸੁਣਾਵਾਂ? ਅਸੀਂ ਰੁਕ ਗਏ। ਉਸਨੇ ਹਾਂ ਵਿੱਚ ਸਿਰ ਹਿਲਾਇਆ। ਮੈਂ ਧੀਮੀ-ਧੀਮੀ ਅਵਾਜ਼ ਵਿੱਚ ਗਾਉਣ ਲੱਗਾ...

**ਉਸਦੇ ਪੋਲੇ ਪੋਲੇ ਹੱਥਾਂ ਜਿਉਂ,**

**ਰੇਸ਼ਮ ਦੀਆਂ ਡੋਰਾਂ ਕੱਤਾਂ ਜਿਉਂ,**

**ਕੋਇਲ ਦੀ ਮਧੁਰ ਅਵਾਜ਼ ਜਿਹੀ,**

**ਕੜਤ ਚੁੱਭਦੀ ਨੈਣਾ ਵਿੱਚ ਪਿਆਜ਼ ਜਿਹੀ,**

**ਬਸ ਦੁੱਧ ਨੂੰ ਲਾਈ ਜਾਗ ਜਿਹੀ ਲੱਗਦੀ,**

**ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,**

**ਉਹ ਖ੍ਹਾਬ ਜਿਹੀ ਲੱਗਦੀ।**

**ਜਿਉਂ ਝਰਨੇ ਦਾ ਪਾਣੀ ਠਹਿਰ ਜਾਵੇ,**

**ਸਾਗਰ ਦੀ ਰੋਕੀ ਲਹਿਰ ਜਾਵੇ,**

**ਜਿਉਂ ਅੰਬਰਾਂ ਦੇ ਤਾਰੇ ਚਮਕਦੇ ਨੇ,**

**ਨਵੀਂ ਵਹੁਟੀ ਦੇ ਕੰਗਣ ਖਣਕਦੇ ਨੇ,**

**ਬਸ ਉਹ ਸੂਹੀ ਰਾਗ ਜਿਹੀ ਲੱਗਦੀ।**

**ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,**

**ਉਹ ਖ਼ੁਆਬ ਜਿਹੀ ਲੱਗਦੀ।**

**ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,**

**ਉਹ ਖ਼ੁਆਬ ਜਿਹੀ ਲੱਗਦੀ।**

ਕਵਿਤਾ ਆਖ ਮੈਂ ਚੁੱਪ ਹੋ ਗਿਆ। ਕਵਿਤਾ ਸੁਣਕੇ ਉਹ ਮੇਰੇ ਵੱਲ ਤੱਕਦੀ ਰਹੀ। ਕਵਿਤਾ ਖ਼ਤਮ ਹੋਣ ਉਪਰਾਂਤ ਅਸੀਂ ਚੱਲ ਪਏਂ। ਉਹ ਚੱਲਦੀ ਹੋਈ ਬੋਲੀ..

ਸਾਵਣ - ਇਸ ਵਿੱਚ ਮੇਰਾ ਜਿਕਰ ਹੈ ਜਾਂ ਫਿਰ ਕਿਸੇ ਹੋਰ ਦਾ?

ਮੈਂ - ਪਹਿਲਾਂ ਕਿਸੇ ਹੋਰ ਦਾ ਸੀ ਪਰ ਹੁਣ ਹੱਕ ਆਪਦਾ ਹੈ।

ਸਾਵਣ - ਕਵਿਤਾ ਸੋਹਣੀ ਏ।

ਮੈਂ - ਪਰ ਆਪ ਨਾਲੋ ਜਿਆਦਾ ਨਹੀਂ।

ਉਸਨੇ ਫਿਰ ਤੋਂ ਮੇਰੇ ਵੱਲ ਤੱਕਿਆ ਤੇ ਚਿਹਰੇ ਤੇ ਮੁਸਕਾਨ ਲਿਆਂਦੀ। ਐਨੇ ਨੂੰ ਅਸੀਂ ਹੋਟਲ ਪਹੁੰਚ ਗਏ, ਤੇ ਖਾਧਾ ਪੀਤਾ। ਕੁਝ ਉਸਦੀ ਜਿੰਦਗੀ ਦੇ ਵੇਰਵਿਆ ਤੇ ਮੇਰੀ ਜਿੰਦਗੀ ਦੀ ਗੱਲਬਾਤ ਕੀਤੀ। ਉਹ ਆਪਣੀ ਜਿੰਦਗੀ ਤੋਂ ਖੁਸ਼ ਨਹੀਂ ਸੀ। ਜਿਸ ਕਾਰਨ ਹੀ ਸ਼ਾਇਦ ਉਸਨੇ ਮੇਰੇ ਵੱਲ ਰੁੱਖ ਕੀਤਾ ਸੀ। ਘਰਵਾਲਾ ਕਾਫੀ ਕਮਾਈ ਵਾਲਾ ਹੋਣ ਦੇ ਬਾਵਯੂਦ ਵੀ ਉਸ ਤੋਂ ਖੁੱਸ਼ ਨਹੀਂ ਸੀ। ਇਸਦਾ ਕਾਰਨ ਉਸਦੀ ਬੇਟੀ ਦਾ ਜੰਮਣਾ ਸੀ। ਉਸਨੇ ਦੱਸਿਆ ਕਿ ਇਹ ਉਸਦੀ ਦੂਸਰੀ ਬੇਟੀ ਹੈ। ਪਹਿਲੀ ਦਾ ਗਰਬ ਅੰਦਰ ਹੀ ਤੀਸਰੇ ਮਹੀਨੇ ਦੌਰਾਨ ਕਤਲ ਕਰ ਦਿੱਤਾ ਗਿਆ। ਜੋ ਕਿ ਸਾਵਣ ਦੀ ਮਰਜ਼ੀ ਦੇ ਉਲਟ ਸੀ। ਤੇ ਦੂਸਰੀ ਧੀ ਦੇ ਜਨਮ ਤੋਂ ਪਹਿਲਾਂ ਹੀ ਉਹ ਆਪਣੇ ਪੇਕੇ ਘਰ ਚਲੀ ਗਈ ਤਾਂ ਜੋ ਪਹਿਲੀ ਘਟਨਾ ਦੁਬਾਰਾਂ ਨਾ ਹੋਵੇ। ਉਸਦੀ ਸੱਸ ਤੋਂ ਬਿਨਾਂ ਸਭ ਪਰਿਵਾਰ ਕੁੜੀ ਜੰਮਣ ਦੇ ਫੈਸਲੇ ਦੇ ਖਿਲਾਫ਼ ਸਨ। ਤੇ ਜਨਮ ਤੋਂ ਪਿੱਛੋਂ ਸਾਰੇ ਹੀ ਉਸ ਨਾਲ ਬਦਸਲੂਕੀ ਕਰਨ ਲੱਗੇ। ਖਾਸ ਕਰ ਉਸਦਾ ਘਰਵਾਲਾ। ਉਹ ਅਕਸਰ ਸ਼ਰੇਆਮ ਬਾਹਰੀ ਔਰਤਾਂ ਨਾਲ ਸਬੰਧ ਬਣਾਉਂਦਾ ਬਿਨਾ ਕਿਸੇ ਡਰ ਤੋਂ। ਦੋ ਤਿੰਨ ਵਾਰ ਉਸਨੇ ਸਾਵਣ ਨਾਲ ਕੁੱਟਮਾਰ ਵੀ ਕੀਤੀ। ਉਸਨੇ ਦੱਸਿਆ ਕਿ ਇੱਕ ਵਾਰ ਉਸਦੇ ਘਰਵਾਲੇ ਨੇ ਮੇਰੇ ਦੁਆਰਾ ਦਿੱਤੀ ਘੜੀ ਨੂੰ ਦੇਖ ਲਿਆ ਤੇ ਪੁੱਛਿਆ ਕਿ ਐਨੀ ਮਹਿੰਗੀ ਘੜੀ ਉਸ ਕੋਲ ਕਿੱਥੋਂ ਆਈ? ਉਸਨੇ ਆਪਣੇ ਪਤੀ ਨੂੰ ਕਿਹਾ ਕਿ ਇਹ ਤਾਂ ਅਸਲੀ ਘੜੀ ਦੀ ਨਕਲ ਹੈ। ਸਿਰਫ ਦੋ ਢਾਈ ਕੁ ਸੋ ਰੁਪਏ ਦੀ ਹੋਵੇਗੀ। ਤੇ ਮੰਮੀ ਨੇ ਲੈ ਕਿ ਦਿੱਤੀ ਆ। ਫਿਰ ਉਸਨੇ ਬਹੁਤੇ ਸੁਆਲ ਜੁਆਬ ਨਹੀਂ ਕੀਤੇ। ਉਸਨੂੰ ਆਪਣੀ ਜਿੰਦਗੀ ਨਰਕ ਜਿਹੀ ਜਾਪਦੀ ਸੀ। ਪਰ ਮੈਂ ਹੈਰਾਨ ਸੀ ਕਿ ਐਨਾ ਦਰਦ ਹੋਣ ਦੇ ਬਾਵਯੂਦ ਵੀ ਉਸਦੇ ਚਿਹਰੇ ਤੇ ਮੁਸਕਾਨ ਉਭਰਦੀ ਸੀ। ਮੈਂ ਉਸ ਵੱਲ ਹੋਰ ਮੋਹਿਤ ਹੋ ਰਹਾਂ ਸੀ। ਉਸ ਉਪਰਾਂਤ ਉਸਨੇ ਮੇਰੇ

ਤੋਂ ਇਜ਼ਾਜਤ ਮੰਗੀ ਤੇ ਆਉਣ ਲਈ ਧੰਨਵਾਦ ਕੀਤਾ। ਉਹ ਆਪਣੇ ਘਰ ਵੱਲ ਨੂੰ ਚੱਲ ਪਈ। ਮੈਂ ਖੜਾ ਦੇਖਦਾ ਰਹਾਂ ਜੱਦ ਤੱਕ ਉਹ ਨਜ਼ਰੀ ਆਉਣੋ ਬੰਦ ਨਾ ਹੋਈ। ਉਸਨੇ ਇੱਕ ਵਾਰ ਵੀ ਪਿੱਛੇ ਪਲਟ ਕੇ ਨਾ ਦੇਖਿਆ। ਮੈਂ ਵੀ ਘਰ ਵਾਪਿਸ ਆ ਗਿਆ। ਰਾਤ ਨੂੰ ਉਸਦਾ ਸੰਦੇਸ਼ ਆਇਆ।

ਸਾਵਣ - ਕਿਸੇ ਸ਼ਾਇਰ ਨੇ ਲਿਖਿਆ ਹੈ ਕਿ ਹੰਝੂਆਂ ਦਾ ਮੁੱਲ ਕਿਸੇ ਵਕਤ ਮੋਤੀਆ ਵਰਗਾ ਹੁੰਦਾ ਹੈ, ਤੇ ਕਦੇ ਇਹ ਤ੍ਰੇਲ ਦੀਆਂ ਬੂੰਦਾਂ ਦੇ ਸਮਾਨ ਵੀ ਨਹੀਂ ਹੁੰਦੇ। ਹੁਣ ਸੋਚ ਰਹੀ ਹਾਂ ਕਿ ਮੁੱਲ ਮੋਤੀਆਂ ਵਿੱਚ ਪਵੇਗਾ ਜਾਂ ਫਿਰ ਤ੍ਰੇਲ ਦੀਆਂ ਬੂੰਦਾਂ ਵਿੱਚ।

ਮੈਂ - ਦੋਨੋਂ ਲਾਭਦਾਇਕ ਨੇ। ਨਿਰਭਰ ਕਰਦਾ ਕਿ ਕਿਸ ਵਕਤ ਕਿਸ ਨੇ ਘਾਟ ਪੂਰੀ ਕਰਨੀ ਹੈ।

ਸਾਵਣ - ਕਿੰਨੀ ਸਰਲਤਾਂ ਨਾਲ ਆਪ ਜੁਆਬ ਦੇਂਦੇ ਹੋ। ਅੰਦਰ ਕੀ-ਕੀ ਲੁਕੋਈ ਬੈਠੇ ਹੋ?

ਮੈਂ - ਹਾ ਹਾ ਹਾ ਹਾ ਹਾ ...... , ਦਰਦ ਨੂੰ ਨਾ ਪੁੱਛੋ ਕੀ ਏ ਹਾਲ ਉਸਦਾ, ਬਸ ਇਹੀ ਕਹਾਂਗਾ. ਚਿਰਾਗ਼ ਕਦੇ ਬੁੱਝ ਜਾਂਦਾ ਏ ਕਦੇ ਜਗ ਪੈਂਦਾ ਏ।

ਸਾਵਣ - ਬਹੁਤਾ ਵਕਤ ਨੀ ਰਹਿਣਾ ਮੇਰਿਆ ਹਨੇਰਿਆਂ ਚ', ਛੇਤੀ ਰਲ ਜਾਊ ਤੇਰਿਆਂ ਸਵੇਰਿਆਂ ਚ'।

ਮੈਂ - ਲਿਖਦੇ ਹੋ ਆਪ?

ਸਾਵਣ - ਬਸ ਸ਼ੌਕੀਆਂ ਹੀ।

ਮੈਂ - ਕੋਈ ਕਵਿਤਾ?

ਸਾਵਣ - ਫਿਰ ਕਦੇ।

ਮੈਂ - ਜੁਆਬ ਜਚਿਆ ਨਹੀਂ।

ਸਾਵਣ - ਠੀਕ ਹੈ, ਸੁਣਾਓਂਦੀ ਹਾਂ, ਇੰਤਜਾਰ ਕਰੋ।

ਮੈਂ - ਠੀਕ ਹੈਂ।

ਮੈਂ ਕਰੀਬ ਦਸ ਕੁ ਮਿੰਟ ਉਡੀਕ ਕੀਤੀ ਤੇ ਉਸਦਾ ਸੰਦੇਸ਼ ਆਇਆ। ਮੈਂ ਪੜਨ ਲੱਗਾ...

**ਹੰਝੂਆਂ ਦੀ ਬਰਾਤ**

**ਅੱਜ ਫਿਰ ਸੁਨੇਹਾ ਉਨ੍ਹਾਂ ਘੱਲਿਆ ਸੀ,**

**ਅਸੀਂ ਆਉਣ ਲੱਗੇ ਤੁਸੀਂ ਤਿਆਰ ਹੋਜੋ,**

**ਜਿਹੜੇ ਖਿੱਲਰੇ ਪਏ ਹੋ ਚਾਹੋ ਪਾਸੀ,**

**ਬਸ ਦੇਰ ਨਾ ਲਾਉ ਇੱਕ ਸਾਰ ਹੋਜੋ,**

**ਬਰਾਤ ਬੂਹੇ ਤੇ ਜਦੋਂ ਆਣ ਖੜੀ,**

**ਰੱਜ-ਰੱਜ ਪਾਏ ਉਨ੍ਹਾਂ ਭੰਗੜੇ ਸੀ,**

**ਕੋਈ ਗਾਉਣ ਗਾਏ ਕੋਈ ਹੇਕ ਲਾਵੇ,**

**ਓਵੀ ਕਰਨ ਜਸ਼ਨ ਜੋ ਲੰਗੜੇ ਸੀ,**

**ਏਧਰ ਗਮਾਂ ਵੀ ਕੀਤੀ ਆਓ ਭਗਤ ਪੂਰੀ,**

**ਰਿਵਾਜ਼ ਕੀਤਾ ਜੋ ਵੀ ਲੋੜਦਾ ਸੀ,**

**ਹਰ ਨਵਾਂ ਪੁਰਾਣਾ ਮਹਿਮਾਨ ਸ਼ਰੀਕ ਹੋਇਆ,**

**ਉਹ ਵੀ ਆਣ ਪਹੁੰਚੇ ਜੋ ਕੋੜਦਾ ਸੀ,**

**ਨਿਕਾਹ ਪੜ੍ਹਿਆ ਦੋਵੀਂ ਪਾਸੀ ਕਬੂਲ ਹੋਇਆ,**

**ਗਮ ਦੁਲਹਨ ਤੇ ਹੰਝੂ ਸੁਹਾਗ ਹੋਗੇ,**

**ਡੋਲੀ ਤੁਰਨ ਲੱਗੀ ਗਮਾਂ ਨਾਂਹ ਕਰਤੀ,**

**ਹੰਝੂ ਬੁੱਝ ਗਏ ਗਮ ਚਿਰਾਗ਼ ਹੋਗੇ।**

ਮੈਂ - ਵਧੀਆ ਲਿਖਦੇ ਹੋ।

ਸਾਵਣ - ਬਸ ਵਕਤ ਗੁਜਾਰਣ ਲਈ। ਫਿਰ ਕਰਦੇ ਗੱਲ।

ਮੈਂ - ਠੀਕ ਆ ਜੀ।

ਇਹ ਆਖ ਮੈਂ ਫੇਸਬੁੱਕ ਬੰਦ ਕਰ ਦਿੱਤੀ। ਏਸੇ ਤਰ੍ਹਾਂ ਕਾਫੀ ਦਿਨ ਗੱਲਬਾਤ ਹੁੰਦੀ ਰਹੀ। ਗੱਲਬਾਤ ਵਧਣ ਲੱਗੀ। ਉਹ ਕਦੇ ਫੋਨ ਕਰਦੀ ਜਾਂ ਫਿਰ ਸੰਦੇਸ਼ ਭੇਜ ਦੇਂਦੀ। ਮੈਂ ਉਸ ਵੱਲ ਦਿਨੋਂ-ਦਿਨ ਮੋਹਿਤ ਹੋ ਰਹਾਂ ਸੀ। ਕਰੀਬ ਪੰਜ ਕੁ ਮਹੀਨੇ ਬੀਤ ਗਏ। ਇੱਕ ਰਾਤ ਉਸਦਾ ਸੰਦੇਸ਼ ਆਇਆ..

ਸਾਵਣ - ਮੈਂ ਮਿਲਣਾ ਚਾਹੁੰਦੀ ਹਾਂ।

ਮੈਂ - ਕਿਵੇਂ?

ਸਾਵਣ - ਜਿਵੇਂ ਕਹੋ।

ਮੈਂ - ਲੱਗਦਾ ਰੂਹ ਅਤੇ ਪਿਆਰ ਦੀ ਤ੍ਰਿਸ਼ਨਾ ਦੇ ਨਾਲ-ਨਾਲ ਜਿਸਮ ਦੀ ਤ੍ਰਿਸ਼ਨਾ ਵੀ ਮਿਟਾਉਣੀ ਹੈ?

ਸਾਵਣ - ਮੇਰੇ ਕੋਲ ਇਸਦਾ ਜੁਆਬ ਹੈਨੀ।

ਮੈਂ - ਠੀਕ ਹੈ ਕੱਲ ਮਿਲਦੇ ਹਾਂ। ਪਰ ਕਿੱਥੇ?

ਸਾਵਣ - ਪਹਿਲਾਂ ਵਾਲੀ ਜਗ੍ਹਾ ਤੇ।

ਮੈਂ ਠੀਕ ਹੈ ਕਹਿ ਸੰਦੇਸ਼ ਭੇਜਣੇ ਬੰਦ ਕਰ ਸੋ ਗਿਆ। ਸਵੇਰ ਹੁੰਦੇ ਹੀ ਫਿਰ ਤੋਂ ਘਰ ਬਹਾਨਾਂ ਲਾ ਪੈਸੇ ਲਏ ਤੇ ਚੱਲ ਪਿਆ। ਮਿੱਥੇ ਸਮੇਂ ਤੇ ਪੁੱਜ ਗਿਆ। ਉਹ ਮੇਰਾ ਇੰਤਜਾਰ ਕਰ ਰਹੀ ਸੀ। ਇਸ ਵਾਰ ਉਸਨੇ ਪੰਜਾਬੀ ਸੂਟ ਪਾਇਆ ਹੋਇਆ ਸੀ। ਤੇ ਉਹ ਪਹਿਲਾਂ ਨਾਲੋਂ ਕਿਤੇ ਖ਼ੂਬਸੂਰਤ ਲੱਗ ਰਹੀ ਸੀ। ਕੋਈ ਆਖ ਨਹੀਂ ਸੀ ਸਕਦਾ ਕਿ ਇਹ ਵਿਆਹੀ ਹੋਈ ਏ। ਇੱਕ ਦਮ ਸਾਦਾ ਲਿਬਾਸ਼ ਤੇ ਸ਼ਿੰਗਾਰ। ਮੈਂ ਕੋਲ ਗਿਆ ਤੇ ਸਤਿ ਸ੍ਰੀ ਅਕਾਲ ਬੁਲਾਈ। ਉਸਨੇ ਵੀ ਜੁਆਬ ਦਿੱਤਾ। ਮੈਂ ਬੋਲਿਆਂ...

ਮੈਂ - ਇੱਥੇ ਬੈਠਣਾ ਜਾਂ ਫਿਰ ਕਿਤੇ ਹੋਰ ਜਾਣਾ?

ਸਾਵਣ - ਕੁਝ ਚਿਰ ਬੈਠਦੇ ਹਾਂ ਫਿਰ ਚੱਲਾਂਗੇ।

ਮੈਂ ਠੀਕ ਹੈ ਆਖਿਆ ਤੇ ਫਿਰ ਅਸੀਂ ਦੋਨੋਂ ਬੈਠ ਗਏ। ਮੌਸਮ ਠੀਕ ਸੀ। ਨਾ ਠੰਡ ਨਾ ਗਰਮੀ। ਸ਼ਾਇਦ ਮਾਰਚ ਦੇ ਅਖਰੀਲੇ ਦਿਨ ਚੱਲ ਰਹੇ ਸਨ। ਸਮਾਂ ਤਾਰੀਖ ਯਾਦ ਨਹੀਂ, 24-25 ਸੀ ਸ਼ਾਇਦ। ਮੈਂ ਉਸ ਨੂੰ ਪੁੱਛਿਆ....

ਮੈਂ - ਮਹਿਕ ਠੀਕ ਏ?

ਸਾਵਣ - ਹਾਂ ਠੀਕ ਆ। ਇੱਕ ਅਪ੍ਰੈਲ ਤੋਂ ਸਕੂਲ ਸੁਰੂ ਹੋ ਜਾਣਾ ਉਸਦਾ।

ਫਿਰ ਅਸੀਂ ਕਿੰਨੀ ਦੇਰ ਤੱਕ ਸ਼ਾਂਤ ਬੈਠੇ ਰਹੇ। ਮੈਂ ਬੋਲਿਆਂ....

ਮੈਂ - ਮੈਨੂੰ ਲੱਗਦਾ ਸਾਨੂੰ ਇੱਥੋਂ ਜਾਣਾ ਚਾਹੀਦਾ।

ਸਾਵਣ - ਬੈਠਦੇ ਹਾਂ ਕੁਝ ਚਿਰ। ਆਪ ਕੋਈ ਗੱਲ ਕਰੋ।

ਮੈਂ - ਗੱਲ ਮੈਨੂੰ ਤਾਂ ਕੋਈ ਆ ਨਹੀਂ ਰਹੀ ਤੇ ਆਪ ਵੀ ਖਾਮੋਸ਼ ਬੈਠੇ ਹੋ।

ਸਾਵਣ - ਕੋਈ ਕਵਿਤਾ ਸੁਣਾਓ।

ਮੈਂ - ਕਵਿਤਾ, ਅਜੇ ਮਨ ਨਹੀਂ ਹੈ।

ਸਾਵਣ - ਪਰ ਮੇਰਾ ਮਨ ਹੈ ਸੁਣਨ ਲਈ। ਸੁਣਾਓ ਹਾਂ।

ਮੈਂ - ਠੀਕ ਏ, ਸੁਣਾਓਂਦਾ ਹਾਂ।

ਮੈਂ ਕੁਝ ਪਲ ਸੋਚਿਆ ਤੇ ਫਿਰ ਬੋਲਿਆ..

**ਤੇਰੀ ਯਾਦ,**

**ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ,**

**ਜੇ ਧੋ ਲਵਾਂ ਤਾਂ ਲਹਿ ਜਾਵੇ,**

**ਜੇ ਨਾ ਧੋਵਾਂ ਤਾਂ ਰਹਿ ਜਾਵੇ,**

**ਮੇਰੀ ਜਿੰਦਗੀ ਨੂੰ, ਇਹ ਢੋਹ ਗਈ ਏ,**

**ਤੇਰੀ ਯਾਦ,**

**ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ।**

**ਕਦੇ ਆਣ ਦਿਮਾਗੇ ਵੜਦੀ ਏ,**

**ਕਦੇ ਨਾਲ ਸਾਹਾਂ ਦੇ ਲੜਦੀ ਏ,**

**ਕਦੇ ਨੀਂਦਰ ਨੂੰ ਆਉਣੋ ਰੋਕ ਦੇਵੇ,**

**ਕਦੇ ਖ਼ੂਨ ਹਿਰਦੇ ਸੋਕ ਦੇਵੇ,**

ਇਹ ਵਾਂਗ ਸ਼ਮਾਂ ਦੇ ਹੋ ਗਈ ਏ,

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ।

ਇਸ ਮੇਰੇ ਭੁਲਾ ਤੇ ਮੈਨੂੰ ਏ,

ਬਸ ਲੱਭਦੀ ਫਿਰਦੀ ਤੈਨੂੰ ਏ,

ਜਿਊਣਾ ਵੀ ਔਖਾ ਕਰ ਦਿੱਤਾ,

ਬਸ ਯੁਦਾ ਹੋਣ ਦਾ ਡਰ ਦਿੱਤਾ,

ਮੈਨੂੰ ਮੇਰੇ ਚੋਂ ਖੋਹ ਗਈ ਏ,

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ।

ਇਹ ਫੁੱਲਾਂ ਵਾਂਗਰ ਖਿੜਦੀ ਏ,

ਕੁਝ ਗੀਤਾਂ ਵਾਂਗਰ ਛਿੜਦੀ ਏ,

ਪਰਬਤ ਦੀ ਹੋਂਦ ਜਗ੍ਹਾ ਦੇਵੇ,

ਉਭਰਦੀ ਮਿਨਾਰ ਵੀ ਢਾ ਦੇਵੇ,

ਠੰਡ ਦੀ ਧੁੱਪ ਵੀ ਪੋਹ ਗਈ ਏ,

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ।

ਜੇ ਧੋ ਲਵਾਂ ਤਾਂ ਲਹਿ ਜਾਵੇ,

ਜੇ ਨਾ ਧੋਵਾਂ ਤਾਂ ਰਹਿ ਜਾਵੇ,

**ਮੇਰੀ ਜਿੰਦਗੀ ਨੂੰ ਇਹ ਢੋਹ ਗਈ ਏ,**

**ਤੇਰੀ ਯਾਦ,**

**ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ,**

**ਤੇਰੀ ਯਾਦ...........।**

ਕਵਿਤਾ ਆਖ ਮੈਂ ਚੁੱਪ ਹੋ ਗਿਆ। ਤੇ ਉਹ ਬੋਲੀ..

ਸਾਵਣ - ਕੀ ਆਪ ਮੇਰੇ ਨਾਲ ਪਿਆਰ ਕਰਦੇ ਹੋ?

ਮੈਂ ਉਸਦੇ ਵੱਲ ਨਜ਼ਰ ਭਰ ਕੇ ਦੇਖਿਆ ਤੇ ਕਿਹਾ...

ਮੈਂ - ਕੀ ਕਹਿਣ ਦੀ ਲੋੜ ਏ? ਮੈਨੂੰ ਲੱਗਦਾ ਅਕਸਰ ਸ਼ਬਦਾਂ ਰਾਹੀ ਅਸੀਂ ਆਪਣੇ ਜ਼ਜਬਾਤਾਂ ਨੂੰ ਜਾਹਿਰ ਕਰਨ ਦੀ ਕੋਸ਼ਿਸ਼ ਕਰਦੇ ਹਾਂ ਪਰ ਇਹ ਤਾਂ ਇਉਂ ਹੁੰਦਾ ਹੈ ਜਿਵੇਂ ਸਾਗਰ ਨੂੰ ਕੁੱਜੇ ਵਿੱਚ ਬੰਦ ਕਰਨ ਦਾ ਯਤਨ ਕਰਨਾ।

ਸਾਵਣ - ਸਹੀ ਕਿਹਾ।

ਮੈਂ - ਉਂਞ ਵੀ ਪਿਆਰ ਅਨੁਭਵ ਕਰਨ ਵਾਲੀ ਚੀਜ਼ ਹੈ ਨਾ ਕਿ ਦੱਸਣ ਵਾਲੀ ਜਾਂ ਸਮਝਾਉਣ ਵਾਲੀ।

ਸਾਵਣ - ਹਾਂ। ਪਰ ਜਿੰਨੀ ਦੇਰ ਤੱਕ ਦੱਸਿਆ ਜਾਂ ਜਾਹਿਰ ਨਾ ਕੀਤਾ ਜਾਵੇ ਅਨੁਭਵ ਕਰਨਾ ਔਖਾ ਹੋ ਜਾਂਦਾ। ਕੁਝ ਰਿਸ਼ਤੇ ਅਜਿਹੇ ਜਰੂਰ ਨੇ ਜਿੰਨ੍ਹਾ ਵਿੱਚ ਦੱਸਣ ਦੀ ਲੋੜ ਨਹੀਂ ਪੈਂਦੀ ਪਰ ਕੁਝ ਕੁ ਨੂੰ ਮਜਬੂਤ ਰੱਖਣ ਲਈ ਅਹਿਸਾਸ ਕਰਾਉਂਦੇ ਰਹਿਣਾ ਜਰੂਰੀ ਹੋ ਗਿਆ ਜਾਂ ਫਿਰ ਕਰ ਦਿੱਤਾ ਗਿਆ।

ਮੈਂ - ਪਿਆਰ ਦਾ ਮੁੱਦਾ ਇਹੋ ਜਿਹਾ ਹੈ ਜਿਸ ਤੇ ਜਿੰਨੀ ਵਾਰਤਾਲਾਪ ਕਰ ਲਉ ਕਦੇ ਮੁੱਕਦੀ ਨਹੀਂ। ਜਿਵੇਂ ਕਿ ਪ੍ਰਮਾਤਮਾ।

ਸਾਵਣ - ਪਿਆਰ ਪ੍ਰਮਾਤਮਾ ਹੀ ਤਾਂ ਹੈ।

ਮੈਂ - ਹਾਂਜੀ ਬਿਲਕੁਲ।

ਫਿਰ ਅਸੀਂ ਸ਼ਾਂਤ ਬੈਠ ਗਏ। ਕੁਝ ਚਿਰ ਪਿੱਛੋਂ ਮੈਂ ਉੱਠਿਆ ਤੇ ਟਹਿਲਣ ਲੱਗਾ ਤੇ ਇੱਕ ਪਾਸੇ ਖੜ ਗਿਆ। ਸਾਵਣ ਉੱਠੀ ਤੇ ਬੜੀ ਹੀ ਖਾਮੋਸ਼ੀ ਨਾਲ ਬਾਹਾਂ ਫੈਲਾ ਕੇ ਮੇਰੀ ਛਾਤੀ ਨਾਲ ਸਿਰ ਜੋੜ ਗਲ ਲਾ ਲਿਆ। ਮੈਂ ਬਿਨਾਂ ਉਸ ਨੂੰ ਕਲਾਵੇ ਵਿੱਚ

ਲਏ ਓਸੇ ਤਰ੍ਹਾ ਖੜਾ ਰਹਾਂ। ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਮੈਂ ਵੀ। ਅਸੀਂ ਕਰੀਬ ਪੰਜ-ਸੱਤ ਮਿੰਟ ਇੰਝ ਹੀ ਖੜੇ ਰਹੇ। ਫਿਰ ਉਹ ਹੋਲੀ ਜਿਹੀ ਬੋਲੀ..

ਸਾਵਣ - ਚੱਲੀਏ?

ਮੈਂ - ਕਿੱਥੇ ਜਾਣਾ ਏ?

ਸਾਵਣ - ਜਿੱਥੇ ਕੋਈ ਨਾ ਦੇਖੇ।

ਮੈਂ - ਪਰ ਰੱਬ ਤਾਂ ਦੇਖੇਗਾ।

ਸਾਵਣ - ਰੱਬ ਆ ਕੇ ਕਿਹੜਾ ਢੰਡੋਰਾ ਪਿੱਟਣ ਲੱਗਾ ਏ।

ਇਹ ਆਖ ਉਹ ਮੇਰੇ ਨਾਲੋਂ ਅਲੱਗ ਹੋ ਗਈ। ਮੈਂ ਬੋਲਿਆਂ..

ਮੈਂ - ਮੈਨੂੰ ਦੇਹ ਦਾ ਵਪਾਰੀ ਤਾਂ ਨਹੀਂ ਆਖੇਗੀ?

ਸਾਵਣ - ਨਿਰਭਰ ਕਰਦਾ?

ਮੈਂ - ਕਿਸਤੇ?

ਸਾਵਣ - ਹਾਲਾਤਾਂ ਤੇ ਜਾਂ ਫਿਰ ਵਕਤ ਤੇ।

ਅਸੀਂ ਦੋਨੋਂ ਮੁਸਕਰਾਉਣ ਲੱਗੇ। ਉਹ ਮੇਰੀ ਬੋਲੀ ਬੋਲ ਰਹੀ ਸੀ। ਫਿਰ ਉਹ ਬੋਲੀ..

ਸਾਵਣ - ਅੱਜ ਮੇਰਾ ਵਕਤ ਆਪਦਾ ਹੈ, ਭਾਵੇਂ ਵਪਾਰ ਕਰ ਲਓ ਭਾਵੇਂ ਲੁਟਾ ਦਿਉ। ਮੈਂ ਉਫ਼ ਨਹੀਂ ਕਹਾਂਗੀ।

ਮੈਂ - ਸ਼ਬਦਾਂ ਦੇ ਤੀਰ ਆ ਇਹ, ਚੁਭਦੇ ਵੀ ਨੇ ਤੇ ਦਰਦ ਵੀ ਨਹੀਂ ਹੁੰਦਾ।

ਉਹ ਮੁਸਕਰਾਈ ਤੇ ਚੁੱਪ ਹੋ ਗਈ। ਮੈਂ ਉਸ ਨੂੰ ਬਾਂਹੋਂ ਫੜਿਆ ਤੇ ਇੱਕ ਹੋਟਲ ਦੇ ਕਮਰੇ ਵਿੱਚ ਲੈ ਗਿਆ। ਤੇ ਬੂਹਾ ਬੰਦ ਕਰ ਤਾ। ਉਹ ਮੇਰੇ ਵੱਲ ਵਧੀ ਤੇ ਮੈਨੂੰ ਬਾਹਾਂ ਵਿੱਚ ਭਰ ਲਿਆ। ਮੈਂ ਵੀ ਇੰਜ ਹੀ ਕੀਤਾ। ਉਪਰਾਂਤ ਉਸ ਦੇ ਚੇਹਰੇ ਨੂੰ ਆਪਣੇ ਹੱਥ ਨਾਲ ਠੋਡੀ ਤੋਂ ਉੱਪਰ ਚੁੱਕਿਆ ਤੇ ਲਬਾਂ ਨਾਲ ਲਬਾਂ ਨੂੰ ਮਿਲਾਂ ਦਿੱਤਾ। ਉਸ ਤੋਂ ਬਾਅਦ ਪਤਾ ਹੀ ਨਾ ਲੱਗਾ ਕਿ ਕੱਦ ਦੋ ਜਿਸਮ ਇੱਕ ਹੋ ਗਏ। ਮੈਂ ਆਪਣੀ ਜਿੰਦਗੀ ਵਿੱਚ ਪਹਿਲੀ ਵਾਰ ਕਿਸੇ ਔਰਤ ਨਾਲ ਜਿਸਮਾਨੀ ਤੜਪ ਨਹੀਂ ਸੀ ਮਿਟਾ ਰਹਾਂ। ਫਰਕ ਇਹ ਸੀ ਕਿ ਬੀਤੇ ਜਿਸਮਾਨੀ ਰਿਸ਼ਤਿਆਂ ਵਿੱਚ ਮੇਰੀ ਖ਼ੁੱਦਗਰਜ਼ੀ ਤੇ ਵਾਸਨਾ ਸੀ। ਪਰ ਇਸ ਵਾਰ ਵਾਸਨਾ ਤੋਂ ਇਲਾਵਾ ਕਿਸੇ ਨੂੰ ਆਪਣਾ ਬਣਾਉਣ ਦਾ ਅਹਿਸਾਸ ਵੀ ਸੀ। ਕਾਫੀ ਸਮਾਂ ਗੁਜਰ ਗਿਆ। ਉਹ ਮੇਰੀ ਬਾਂਹ ਤੇ ਸਿਰ ਰੱਖ ਅਜੇ

ਵੀ ਪਿਆਰ ਵਿੱਚ ਮਸਤ ਸੀ। ਮੈਂ ਸ਼ਾਂਤ ਸੀ। ਅਚਾਨਕ ਉਸਤਾਦ ਸ਼ਿਵ ਕੁਮਾਰ ਦੀ ਲਿਖੀ ਕਵਿਤਾ ਮੇਰੇ ਜਹਿਨ ਵਿੱਚ ਆ ਗਈ। ਜੋ ਕਿ ਲੂਣਾ ਦਾ ਇੱਕ ਹਿੱਸਾ ਸੀ..

**ਕੱਲ੍ਹ ਦਾ ਦਿਹੁੰ ਵੀ**

**ਕੈਸਾ ਦਿਹੁੰ ਸੀ**

**ਕੈਸੀ ਸੀ**

**ਉਸਦੀ ਖੁਸ਼ਬੋਈ**

**ਆਪਣੀਆਂ ਆਪ ਗੋਲਾਈਆਂ ਚੁੰਮਦੀ**

**ਭਰ ਜੋਬਨ ਵਿੱਚ**

**ਨਾਰ ਜਿਉਂ ਕੋਈ,**

**ਪਰ ਅੱਜ ਦਾ ਦਿਹੁੰ**

**ਕੈਸਾ ਦਿਹੁੰ ਹੈ**

**ਕੈਸੀ ਹੈ**

**ਇਸ ਦੀ ਖ਼ੁਸ਼ਬੋਈ**

**ਰਾਤ ਉਨੀਂਦਾ ਭੋਗਣ ਪਿੱਛੋਂ**

**ਜਿਵੇਂ ਵੇਸਵਾ**

**ਸੁੱਤੀ ਕੋਈ।**

ਪਤਾ ਹੀ ਨਾ ਲੱਗਾ ਕਿ ਇਹ ਕਿਵੇਂ ਮੇਰੀ ਸੋਚ ਵਿੱਚ ਆ ਗਈ। ਮੈਂ ਖ਼ੁੱਦ ਨੂੰ ਕੋਸਿਆ ਤੇ ਸੋਚਣ ਲੱਗਾ ਕਿ ਕਿਤੇ ਮੈਂ ਸਾਵਣ ਨਾਲ ਗ਼ਲਤ ਤਾਂ ਨਹੀਂ ਕੀਤਾ ਜਾਂ ਫਿਰ ਉਸਦੀਆਂ ਭਾਵਨਾਵਾਂ ਨੂੰ ਠੇਸ ਤਾਂ ਨਹੀਂ ਪਹੁੰਚਾਈ। ਮੈਂ ਸੋਚਿਆ ਕਿ ਲੋੜ ਤੋਂ ਵੱਧ ਪੜਨਾ ਵੀ ਨੁਕਸਾਨ ਦਾਇਕ ਹੋ ਸਕਦਾ ਏ। ਮੈਂ ਬਣਾਵਟੀ ਮੁਸਕਾਨ ਨਾਲ ਉਸ ਵੱਲ ਦੇਖ ਮੁਸਕਰਾਇਆ ਤੇ ਉਸਦੇ ਮੱਥੇ ਨੂੰ ਚੁੰਮਿਆ। ਉਸ ਤੋਂ ਕੁਝ ਦੇਰ ਬਾਅਦ ਅਸੀਂ ਆਪਣੇ ਘਰਾਂ ਨੂੰ ਵਾਪਸ ਜਾਣ ਲਈ ਤਿਆਰ ਹੋ ਗਏ। ਕੁਝ ਚਿਰ ਬਾਅਦ ਅਸੀਂ ਬਾਹਰ ਆਏ ਤੇ ਇੱਕ ਦੂਜੇ ਨੂੰ ਗਲ ਨਾਲ ਲਾਇਆ। ਅਲਵਿਦਾ ਆਖ ਅਸੀਂ ਦੋਨੋਂ ਆਪੋ ਆਪਣੇ ਘਰਾਂ ਨੂੰ ਰਵਾਨਾਂ ਹੋ ਗਏ।

ਰਾਤ ਹੋਣ ਤੱਕ ਘਰ ਵਾਪਿਸ ਪਰਤ ਆਇਆਂ। ਰਾਤ ਬੀਤ ਗਈ। ਉਸ ਰਾਤ ਉਸਦਾ ਕੋਈ ਸੰਦੇਸ਼ ਨਹੀਂ ਆਇਆ ਤੇ ਨਾ ਹੀ ਮੈਂ ਕੀਤਾ। ਮੈਂ ਬਹੁਤ ਪਰੇਸ਼ਾਨ ਹੋਇਆ। ਦੋ ਦਿਨ ਬਾਅਦ ਉਸਨੇ ਸੰਦੇਸ਼ ਭੇਜਿਆ।

ਸਾਵਣ - ਲੱਗਦਾ ਦੂਰ ਰਹਿਣਾ ਬਹਿਤਰ ਸੀ, ਕੋਲ ਤਾਂ ਜਾਪਦੇ ਸੀ। ਕੋਲ ਗਈ ਤਾਂ ਦੂਰ ਹੋ ਗਏ।

ਮੈਂ - ਮੈਂ ਅੱਤ ਦਾ ਸ਼ਰਮਿੰਦਾ ਹਾਂ,

ਆਪਣੀਆ ਦਲੀਲਾਂ ਤੇ,

ਨਾ ਮੈਂ ਆਪਣਾ ਮਨ ਸਮਝਾ ਪਾਉਂਦਾ ਹਾਂ,

ਤੇ ਨਾ ਹੀ ਤੇਰਾ ਸੁਭਾਅ ਸਮਝ ਸਕਿਆ।

ਸਾਵਣ - ਅਜਿਹਾ ਕੀ ਵਲਵਲਾ ਹੈ ਮੇਰੇ ਸੁਭਾਅ ਚ'?

ਮੈਂ - ਵਲਵਲਾ ਸੁਭਾਅ ਵਿੱਚ ਨਹੀਂ ਸ਼ਾਇਦ ਮੇਰੀ ਸੋਚ ਵਿੱਚ ਹੈ।

ਸਾਵਣ - ਸੋਚ ਬਦਲਣ ਲੱਗੀ?

ਮੈਂ - ਸਮਝਣਾ ਔਖਾ ਹੈ।

ਸਾਵਣ - ਲੱਗਦਾ ਜਿਸਮ ਨੇ ਰੂਹ ਨੂੰ ਦੂਰ ਕਰ ਦਿੱਤਾ?

ਮੈਂ - ਹਾਂ ਸ਼ਾਇਦ।

ਸਾਵਣ - ਨਿਖ਼ਾਰ ਆਵੇਗੇ ਜਾਂ ਨਹੀਂ?

ਮੈਂ - ਨਿਰਭਰ ਕਰਦਾ।

ਸਾਵਣ - ਕਿਸਤੇ?

ਮੈਂ - ਹਾਲਾਤਾਂ ਤੇ ਜਾਂ ਫਿਰ ਵਕਤ ਤੇ।

ਸਾਵਣ - ਕੋਈ ਨਵੀਂ ਕਵਿਤਾ ਲਿਖੀ?

ਮੈਂ - ਹਾਂ।

ਸਾਵਣ - ਸੁਣਾਓ ਦਿਉ।

ਮੈਂ -

**ਤਬੀਅਤ ਮੇਰੀ ਤਾਂ ਉਸ ਦਿਨ ਤੋਂ ਰੁਸਵਾ ਹੋ ਗਈ ਸੀ,**

**ਜਦੋਂ ਇਨ੍ਹਾਂ ਤਰਸਦੀਆਂ ਅੱਖੀਆਂ ਨੂੰ ਤੂੰ,**

**ਰਾਤ ਦੀ ਰਾਣੀ ਵੇਲ ਵਾਂਗ ਮਹਿਕਦੀ,**

**ਕੋਇਲ ਦੀ ਕੂਕ ਵਾਂਗ ਚਹਿਕਦੀ,**

**ਪੈਲ ਪਾਉਂਦੇ ਮੋਰ ਵਾਂਗ ਟਹਿਕਦੀ,**

**ਆਸ਼ਿਕ ਦੀ ਪੀੜ ਵਾਂਗ ਸਹਿਕਦੀ,**

**ਝਾਂਜਰ ਦੇ ਬੋਰ ਵਾਂਗ ਖਹਿਕਦੀ,**

**ਮਛਲੀ ਦੀ ਪੂਛ ਵਾਂਗ ਲਹਿਕਦੀ,**

**ਪ੍ਰੀਤ ਦੀਆਂ ਗੱਲਾਂ ਵਿੱਚ ਬਹਿਕਦੀ,**

**ਨਜ਼ਰੀ ਆਉਣੀ ਬੰਦ ਹੋ ਗਈ ਸੀ।**

ਕਵਿਤਾ ਆਖ ਮੈਂ ਚੁੱਪ ਹੋ ਗਿਆ ਤੇ ਜੁਆਬ ਦੀ ਉਡੀਕ ਕਰਨ ਲੱਗਾ। ਪਰ ਉਸ ਤੋਂ ਬਾਅਦ ਕੋਈ ਜੁਆਬ ਨਾ ਆਇਆ। ਕਈ ਦਿਨ ਬੀਤ ਗਏ, ਕਈ ਮਹੀਨੇ ਤੇ ਫਿਰ ਸਾਲ, ਪਰ ਅੱਜ ਤੱਕ ਉਸਦਾ ਨਾ ਕੋਈ ਸੰਦੇਸ਼ ਆਇਆ ਨਾ ਫੋਨ। ਮੈਂ ਬਹੁਤ ਸੰਦੇਸ਼ ਭੇਜੇ ਤੇ ਫੋਨ ਮਿਲਾਇਆ। ਪਰ ਨਾ ਤਾਂ ਸੰਦੇਸ਼ ਦੇ ਜੁਆਬ ਆਇਆ ਤੇ ਨਾ ਹੀ ਫੋਨ ਮਿਲਿਆ। ਮੇਰੀ ਸਮਝ ਤੋਂ ਬਾਹਰ ਹੋ ਗਿਆ ਕਿ ਆਖਿਰ ਹੋਇਆ ਕੀ? ਮੈਥੋਂ ਕੀ ਗਲਤੀ ਹੋ ਗਈ ਜੋ ਮੈਨੂੰ ਉਸ ਤੋਂ ਦੂਰ ਰਹਿਣ ਦੀ ਸਜ਼ਾ ਮਿਲੀ। ਜਾਂ ਫਿਰ ਉਸ ਨਾਲ ਕੋਈ ਅਣਚਾਹੀ ਘਟਨਾ ਤਾਂ ਨਹੀਂ ਹੋ ਗਈ। ਅੱਜ ਤੱਕ ਮੈਂ ਉਸਦੀ ਉਡੀਕ ਵਿੱਚ ਹਾਂ ਕਿ ਉਸਦਾ ਕੋਈ ਸੰਦੇਸ਼ ਆ ਜਾਵੇ।

ਫਿਰ ਸੋਚਦਾ ਹਾ ਸ਼ਾਇਦ ਇਹੀ ਮੇਰੀ ਕਿਸਮਤ ਵਿੱਚ ਸੀ। ਕਿਸੇ ਵਕਤ ਤਾਂ ਲੱਗਦਾ ਕਿ ਕਿਤੇ ਉਸਦੇ ਜਿਸਮ ਦਾ ਮੁੱਲ ਮੈਂ 12000 ਤਾਂ ਨਹੀਂ ਪਾ ਲਿਆ। ਹਰ ਦਿਨ ਨਵੀਂ ਸੋਚ ਤੇ ਫਿਰ ਉਲਝਣ। ਅੱਜ ਤੱਕ ਇਹੀ ਭੁਗਤ ਰਹਾਂ ਹਾਂ। ਫਿਰ ਥੱਕ ਹਾਰ ਸੋਚਦਾ ਹਾਂ।

**ਮੇਰੀਆਂ ਗਲਤੀਆਂ ਹੀ ਮੇਰੀਆਂ ਸਜ਼ਾਵਾਂ ਨੇ,**

**ਕੁਝ ਕੁ ਐਸੀਆਂ ਜੋ ਸੁਧਾਰੀਆਂ ਨਹੀਂ ਜਾ ਸਕਦੀਆਂ,**

**ਤੇ ਕੁਝ ਕੁ ਐਸੀਆਂ ਜੋ ਮੈਂ ਸੁਧਾਰਨਾ ਨਹੀਂ ਚਾਹੁੰਦਾ,**

**ਬਸ ਗੁਨਹਾਗਾਰ ਰਹਿਣਾ ਹੀ ਖੁਸ਼ ਦਿਲੀ ਹੈ।**

ਅਕਸਰ ਹਾਲਾਤ ਇਹੋ ਜਿਹੇ ਹੋ ਜਾਂਦੇ ਨੇ ਕਿ ਇਨਸਾਨ ਨਾ ਚਾਹੁੰਦੇ ਵੀ ਅਜਿਹੀਆਂ ਗਲਤੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਜਿਸਦੀ ਉਸਨੇ ਖੁੱਦ ਤੋਂ ਉਮੀਦ ਨਾ ਕੀਤੀ ਹੋਵੇ। ਪਿਆਰ ਕੋਈ ਗਲਤੀ ਤਾਂ ਨਹੀਂ ਪਰ ਹਾਲਾਤ, ਵਕਤ ਤੇ ਨਜ਼ਰੀਆ ਇਸਦੀ ਪਰਿਭਾਸ਼ਾ ਬਦਲ ਦੇਂਦੇ ਨੇ। ਜਿਸਮਾਨੀ ਰਿਸ਼ਤਿਆ ਕਾਰਨ ਅਕਸਰ ਰਿਸ਼ਤੇ ਖਰਾਬ ਹੁੰਦੇ ਦੇਖੇ ਗਏ ਨੇ ਕਿਸੇ ਨੂੰ ਜਿਸਮ ਦੀ ਭੁੱਖ ਹੈ ਤੇ ਕਿਸੇ ਨੂੰ ਪਿਆਰ ਦੀ। ਤੇ ਇਸਨੂੰ ਮਿਟਾਉਣ ਲਈ ਖੋਜ ਵੀ ਚੱਲਦੀ ਰਹਿੰਦੀ ਏ। ਸ਼ਾਇਦ ਕਹਾਣੀ ਦਾ ਪਾਤਰ ਪ੍ਰੀਤ ਵੀ ਇਸੇ ਭੁੱਖ ਦਾ ਸ਼ਿਕਾਰ ਹੋਵੇ। ਕਹਾਣੀ ਦਾ ਪਾਤਰ ਮੈਂ ਨਹੀਂ ਬਲਕਿ ਮੇਰਾ ਇੱਕ ਸੱਜਣ ਪ੍ਰੇਮੀ ਹੈ। ਜੋ ਆਪਣੀ ਹੱਢ ਬੀਤੀ ਇਸ ਕਹਾਣੀ ਰਾਹੀਂ ਮੁੜ ਤੋਂ ਸਾਵਣ ਨੂੰ ਪਾਉਣ ਦੀ ਇੱਛਾ ਰੱਖਦਾ ਹੈ।

ਕੋਣ ਦੋਸ਼ੀ ਹੈ? ਕਿਸਦੀ ਗਲਤੀ ਹੈ? ਕੀ ਸਾਵਣ ਨੂੰ ਵਿਆਹੇ ਹੋਣ ਦੇ ਬਾਵਜੂਦ ਕਹਾਣੀ ਪਾਤਰ ਪ੍ਰੀਤ ਨਾਲ ਰਿਸ਼ਤਾ ਬਣਾਉਣ ਦੀ ਲੋੜ ਸੀ? ਜਾਂ ਫਿਰ ਕੀ ਕਹਾਣੀ ਪਾਤਰ ਪ੍ਰੀਤ ਨੂੰ ਸਾਵਣ ਦੀ ਅਸਲ ਸਚਾਈ ਤੋਂ ਜਾਣੂ ਹੁੰਦੇ ਹੋਏ ਵੀ ਉਸ ਨਾਲ ਪਿਆਰ ਅਤੇ ਜਿਸਮਾਨੀ ਤਾਲੁਕਾਤ ਬਣਾਉਣੇ ਜਾਇਜ ਸਨ? ਜਿਸਮਾਨੀ ਰਿਸ਼ਤੇ ਬਾਅਦ ਕਿਉਂ ਸਾਵਣ ਨੇ ਕਹਾਣੀ ਪਾਤਰ ਪ੍ਰੀਤ ਨਾਲ ਮੁੜ ਤੋਂ ਸੰਪਰਕ ਨਹੀਂ ਬਣਾਇਆ? ਕੀ ਸੱਚ ਮੁੱਚ ਤਾਂ ਉਸਨੇ ਸਾਵਣ ਦੇ ਜਿਸਮ ਦਾ ਮੁੱਲ ਘੜੀ ਦੀ ਭੇਟ ਵਜੋਂ 12000 ਤਾਂ ਨਹੀਂ ਪਾਇਆ? ਜਾਂ ਦੋਨੋਂ ਕਿਸੇ ਗਲਤ ਫਹਿਮੀ ਦੇ ਸ਼ਿਕਾਰ ਤਾਂ ਨਹੀਂ? ਇਹ ਤਾਂ ਇੱਕ ਲੁਕਿਆ ਭੇਦ ਹੈ। ਸਵਾਲ ਬਹੁਤ ਨੇ ਤੇ ਜੁਆਬ ਗੁੰਝਲਦਾਰ। ਜੋ ਅਸਾਨੀ ਨਾਲ ਸੋਚ ਵਿੱਚ ਆਉਣ ਵਾਲੇ ਨਹੀਂ। ਇਹ ਤਾਂ ਨਿਰਭਰ ਕਰਦਾ.. ਸੋਚ ਤੇ, ਵਕਤ ਤੇ ਜਾਂ ਫਿਰ ਹਾਲਾਤਾਂ ਤੇ।

**ਪ੍ਰੀਤ ਸਿੰਘ ਭੈਣੀ**

**9779324826**

**(ਕਹਾਣੀ ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਜਾਂ ਹੋਰ ਕਹਾਣੀਆਂ ਪੜਨ ਲਈ ਸਾਨੂੰ ਕਾਲ ਜਾਂ ਵੱਟਸਐੱਪ ਕਰ ਸਕਦੇ ਹੋ।)**

**ਇੰਸਟਾਗ੍ਰਾਮ**

Instagram

**@preet.bhaini**

**@preet_di_shayari**

**www.PunjabiLibrary.com**